

ਦਾਦਾ ਭਗਵਾਨ ਕਥਿਤ

# ਮੌਤ ਸਮੇਂ,
## ਪਹਿਲਾਂ ਅਤੇ ਬਾਅਦ...

ਜਿੱਥੇ ਜਨਮ ਹੈ, ਉੱਥੇ ਮੌਤ ਹੈ ਹੀ।
ਜਨਮ-ਮਰਣ ਆਤਮਾ ਦੇ ਨਹੀਂ ਹਨ।
ਆਤਮਾ ਪਰਮਾਨੇਂਟ ਹੈ।

Punjabi

ਦਾਦਾ ਭਗਵਾਨ ਕਥਿਤ

# ਮੌਤ ਸਮੇਂ, ਪਹਿਲਾਂ ਅਤੇ ਬਾਅਦ...

ਮੂਲ ਗੁਜਰਾਤੀ ਸੰਕਲਨ: ਡਾ. ਨੀਰੂਭੈਣ ਅਮੀਨ
ਅਨੁਵਾਦ: ਮਹਾਤਮਾਗਣ

ਪ੍ਰਕਾਸ਼ਕ: ਸ਼੍ਰੀ ਅਜੀਤ ਸੀ.ਪਟੇਲ
ਦਾਦਾ ਭਗਵਾਨ ਅਰਾਧਨਾ ਟ੍ਰਸਟ,
'ਦਾਦਾ ਦਰਸ਼ਨ', 5, ਮਮਤਾਪਾਰਕ ਸੁਸਾਇਟੀ,
ਨਵਗੁਜਰਾਤ ਕਾਲਜ ਦੇ ਪਿੱਛੇ,
ਉਸਮਾਨਪੁਰਾ, ਅਹਿਮਦਾਬਾਦ- 380014, ਗੁਜਰਾਤ।
ਫੋਨ: (079) 39830100

© All Rights reserved – Deepakbhai Desai
Trimandir, Simandhar City,
Ahmedabad-Kalol Highway, Post – Adalaj,
Dist-Gandhinagar- 38242, Gujarat, India.
*No part of this book may be used or reproduced in any manner whatsoever without written permission from the holder of the copyright*

ਪਹਿਲਾ ਸੰਸਕਰਣ : ਕਾਪੀਆਂ 1,000 ਨਵੰਬਰ, 2019

**ਭਾਵ ਮੁੱਲ : 'ਪਰਮ ਵਿਨੈ' ਅਤੇ**
**'ਮੈਂ ਕੁੱਝ ਵੀ ਨਹੀਂ ਜਾਣਦਾ', ਇਹ ਭਾਵ!**

ਦ੍ਰਵ ਮੁੱਲ : 25 ਰੁਪਏ

ਮੁਦ੍ਰਕ : ਅੰਬਾ ਆਫਸੇੱਟ
B – 99, ਇਲੈਕਟ੍ਰੌਨੀਕਸ GIDC
ਕ – 6 ਰੋਡ, ਸੈਕਟਰ – 25
ਗਾਂਧੀਨਗਰ – 382044
ਫੋਨ: (079) 39830341

Amba Offset
B – 99, Electronics GIDC
K – 6 Road, Sector – 25
Gandhinagar – 382044
Phone : (079) 39830341

# ਤ੍ਰਿਮੰਤਰ






ਨਮੋ ਵੀਤਰਾਗਾਯ

ਨਮੋ ਅਰਿਹੰਤਾਣਮ

ਨਮੋ ਸਿੱਧਾਣਮ

ਨਮੋ ਆਯਰਿਯਾਣਮ

ਨਮੋ ਊਵਝਾਯਾਣਮ

ਨਮੋ ਲੋਏ ਸਵ੍ਵ ਸਾਹੂਣੰਮ

ਐਸੋ ਪੰਚ ਨੰਮੁਕਾਰੋ ਸਵ੍ਵ ਪਾਵਪਣਾਸਣੋ

ਮੰਗਲਾਣਮ 'ਚ ਸਵ੍ਵੇਸਿਮ


ਪੜ੍ਹਮੰ ਹਵਈ ਮੰਗਲਮ!! (1)

ਓਮ ਨਮੋ ਭਗਵਤੇ ਵਾਸੁਦੇਵਾਯ!! (2)

ਓਮ ਨਮ: ਸ਼ਿਵਾਯ!! (3)

ਜੈ ਸੱਚਿਦਾਨੰਦ





# 'ਦਾਦਾ ਭਗਵਾਨ' ਕੌਣ ?

ਜੂਨ 1958 ਦੀ ਇੱਕ ਸ਼ਾਮ ਦਾ ਕਰੀਬ 6 ਵਜੇ ਦਾ ਸਮਾਂ, ਭੀੜ ਨਾਲ ਭਰਿਆ ਸੂਰਤ ਸ਼ਹਿਰ ਦਾ ਰੇਲਵੇ ਸਟੇਸ਼ਨ, ਪਲੇਟਫਾਰਮ ਨੰ: 3 ਦੇ ਬੈਂਚ ਤੇ ਬੈਠੇ ਸ਼੍ਰੀ ਅੰਬਾਲਾਲ ਮੂਲਜੀ ਭਾਈ ਪਟੇਲ ਰੂਪੀ ਦੇਹਮੰਦਰ ਵਿੱਚ ਕੁਦਰਤੀ ਨਾਲ, ਅਕ੍ਰਮ ਰੂਪ ਵਿੱਚ, ਕਈ ਜਨਮਾਂ ਤੋਂ ਪ੍ਰਗਟ ਹੋਣ ਲਈ ਵਿਆਕੁਲ 'ਦਾਦਾ ਭਗਵਾਨ' ਪੂਰਨ ਰੂਪ ਵਿੱਚ ਪ੍ਰਗਟ ਹੋਏ ਅਤੇ ਕੁਦਰਤ ਨੇ ਸਿਰਜਿਆ ਅਧਿਆਤਮ ਦਾ ਅਦਭੁਤ ਅਚੰਬਾ। ਇੱਕ ਹੀ ਘੰਟੇ ਵਿੱਚ ਉਹਨਾਂ ਨੂੰ ਵਿਸ਼ਵ ਦਰਸ਼ਨ ਹੋਇਆ। 'ਮੈਂ ਕੌਣ? ਭਗਵਾਨ ਕੌਣ? ਜਗਤ ਕੌਣ ਚਲਾਉਂਦਾ ਹੈ? ਕਰਮ ਕੀ ਹਨ? ਮੁਕਤੀ ਕੀ ਹੈ? ਆਦਿ ਜਗਤ ਦੇ ਸਾਰੇ ਅਧਿਆਤਮਿਕ ਪ੍ਰਸ਼ਨਾਂ ਦਾ ਪੂਰਾ ਰਹੱਸ ਪ੍ਰਗਟ ਹੋਇਆ। ਇਸ ਤਰ੍ਹਾਂ ਕੁਦਰਤ ਨੇ ਵਿਸ਼ਵ ਦੇ ਸਾਹਮਣੇ ਇੱਕ ਅਦੁੱਤੀ ਪੂਰਨ ਦਰਸ਼ਨ ਪੇਸ਼ ਕੀਤਾ ਅਤੇ ਉਸਦੇ ਮਾਧਿਅਮ ਬਣੇ ਸ਼੍ਰੀ ਅੰਬਾਲਾਲ ਮੂਲਜੀ ਭਾਈ ਪਟੇਲ, ਗੁਜਰਾਤ ਦੇ ਚਰੋਤਰ ਖੇਤਰ ਦੇ ਭਾਦਰਣ ਪਿੰਡ ਦੇ ਪੱਟੀਦਾਰ, ਕੰਟਰੈਕਟ ਦਾ ਧੰਦਾ ਕਰਨ ਵਾਲੇ, ਫਿਰ ਵੀ ਪੂਰਨ ਰੂਪ ਵਿੱਚ ਵੀਤਰਾਗ ਪੁਰਖ!

'ਵਪਾਰ ਵਿੱਚ ਧਰਮ ਹੋਣਾ ਚਾਹੀਦਾ ਹੈ, ਧਰਮ ਵਿੱਚ ਵਪਾਰ ਨਹੀ', ਇਸ ਸਿਧਾਂਤ ਨਾਲ ਉਹਨਾਂ ਨੇ ਪੂਰਾ ਜੀਵਨ ਬਤੀਤ ਕੀਤਾ।

ਜੀਵਨ ਵਿੱਚ ਕਦੇ ਵੀ ਉਹਨਾਂ ਨੇ ਕਿਸੇ ਕੋਲੋਂ ਪੈਸੇ ਨਹੀਂ ਸਨ ਲਏ, ਸਗੋਂ ਆਪਣੀ ਕਮਾਈ ਨਾਲ ਭਗਤਾਂ ਨੂੰ ਯਾਤਰਾ ਕਰਵਾਉਂਦੇ ਸਨ।

ਉਹਨਾਂ ਨੂੰ ਪ੍ਰਾਪਤੀ ਹੋਈ, ਉਸੇ ਤਰ੍ਹਾਂ ਕੇਵਲ ਦੋ ਹੀ ਘੰਟਿਆਂ ਵਿੱਚ ਹੋਰ ਯਾਜਕ ਜਨਾਂ (ਮੁਮੁਕਸ਼ੂਆਂ) ਨੂੰ ਵੀ ਉਹ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ, ਉਹਨਾਂ ਦੇ ਅਦਭੁੱਤ ਸਿੱਧ ਹੋਏ ਗਿਆਨ ਪ੍ਰਯੋਗ ਨਾਲ। ਉਸ ਨੂੰ ਅਕ੍ਰਮ ਮਾਰਗ ਕਿਹਾ। ਅਕ੍ਰਮ, ਭਾਵ ਬਿਨਾਂ ਕ੍ਰਮ ਦੇ, ਅਤੇ ਕ੍ਰਮ ਭਾਵ ਇੱਕ-ਇੱਕ ਪੌੜੀ, ਕ੍ਰਮ ਅਨੁਸਾਰ ਉੱਪਰ ਚੜਨਾ। ਅਕ੍ਰਮ ਭਾਵ ਲਿਫ਼ਟ ਮਾਰਗ, ਸ਼ਾਰਟ ਕੱਟ।

ਉਹ ਖੁਦ ਹਰ ਇੱਕ ਨੂੰ 'ਦਾਦਾ ਭਗਵਾਨ ਕੌਣ?' ਦਾ ਰਹੱਸ ਦੱਸਦੇ ਹੋਏ ਕਹਿੰਦੇ ਸਨ ਕਿ "ਇਹ ਜੋ ਤੁਹਾਨੂੰ ਦਿਖਦੇ ਹਨ ਇਹ ਦਾਦਾ ਭਗਵਾਨ ਨਹੀਂ ਹਨ, ਇਹ ਤਾਂ 'ਏ.ਐਮ.ਪਟੇਲ' ਹਨ। ਅਸੀਂ ਗਿਆਨੀ ਪੁਰਖ ਹਾਂ ਅਤੇ ਅੰਦਰ ਜੋ ਪ੍ਰਗਟ ਹੋਏ ਹਨ, ਉਹ 'ਦਾਦਾ ਭਗਵਾਨ' ਹਨ। ਦਾਦਾ ਭਗਵਾਨ ਤਾਂ ਚੌਦਾਂ ਲੋਕ ਦੇ ਨਾਥ ਹਨ। ਉਹ ਤੁਹਾਡੇ ਵਿੱਚ ਵੀ ਹਨ, ਸਾਰਿਆਂ ਵਿੱਚ ਹਨ। ਤੁਹਾਡੇ ਵਿੱਚ ਅਵਿਅਕਤ, ਅਪ੍ਰਗਟ ਰੂਪ ਵਿੱਚ ਹਨ ਅਤੇ 'ਇੱਥੇ' ਸਾਡੇ ਅੰਦਰ ਸੰਪੂਰਨ ਰੂਪ ਵਿੱਚ ਪ੍ਰਗਟ ਹੋਏ ਹਨ। ਦਾਦਾ ਭਗਵਾਨ ਨੂੰ ਮੈਂ ਵੀ ਨਮਸਕਾਰ ਕਰਦਾ ਹਾਂ।"

# ਆਤਮਗਿਆਨ ਪ੍ਰਾਪਤੀ ਦੀ ਪ੍ਰਤੱਖ ਲਿੰਕ

'ਮੈਂ ਤਾਂ ਕੁੱਝ ਲੋਕਾਂ ਨੂੰ ਆਪਣੇ ਹੱਥੋਂ ਸਿੱਧੀ ਦੇਣ ਵਾਲਾ ਹਾਂ। ਪਿੱਛੇ ਅਨੁਯਾਈ ਚਾਹੀਦੇ ਹਨ ਕਿ ਨਹੀਂ ਚਾਹੀਦੇ? ਪਿੱਛੇ ਲੋਕਾਂ ਨੂੰ ਮਾਰਗ ਤਾਂ ਚਾਹੀਦਾ ਹੈ ਨਾ?'

**-ਦਾਦਾਸ਼੍ਰੀ**

ਪਰਮ ਪੂਜਨੀਕ ਦਾਦਾਸ਼੍ਰੀ ਪਿੰਡ-ਪਿੰਡ, ਦੇਸ਼-ਵਿਦੇਸ਼ ਘੁੰਮ ਕੇ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ। ਆਪ ਨੇ ਆਪਣੇ ਜੀਵਨਕਾਲ ਵਿੱਚ ਹੀ ਡਾ. ਨੀਰੂਭੈਣ ਅਮੀਨ (ਨੀਰੂਮਾਂ) ਨੂੰ ਆਤਮਗਿਆਨ ਪ੍ਰਾਪਤ ਕਰਵਾਉਣ ਦੀ ਸਿੱਧੀ ਦਿੱਤੀ ਸੀ। ਦਾਦਾਸ਼੍ਰੀ ਦੇ ਸ਼ਰੀਰ ਛੱਡਣ (ਅਕਾਲ ਚਲਾਣੇ) ਤੋਂ ਬਾਅਦ ਨੀਰੂਮਾਂ ਉਸੇ ਤਰ੍ਹਾਂ ਹੀ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ, ਨਿਮਿਤ ਭਾਵ ਨਾਲ ਕਰਵਾ ਰਹੇ ਸਨ। ਪੂਜਨੀਕ ਦੀਪਕਭਾਈ ਦੇਸਾਈ ਨੂੰ ਵੀ ਦਾਦਾਸ਼੍ਰੀ ਨੇ ਸਤਿਸੰਗ ਕਰਨ ਦੀ ਸਿੱਧੀ ਦਿੱਤੀ ਸੀ। ਨੀਰੂਮਾਂ ਦੀ ਹਾਜ਼ਰੀ ਵਿੱਚ ਹੀ ਉਹਨਾਂ ਦੇ ਆਸ਼ੀਰਵਾਦ ਨਾਲ ਪੂਜਨੀਕ ਦੀਪਕਭਾਈ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਥਾਵਾਂ ਤੇ ਜਾ ਕੇ ਸਾਧਕਾਂ ਨੂੰ ਆਤਮ ਗਿਆਨ ਕਰਵਾ ਰਹੇ ਹਨ, ਜੋ ਨੀਰੂਮਾਂ ਦੇ ਸ਼ਰੀਰ ਛੱਡਣ ਤੋਂ ਬਾਅਦ ਅੱਜ ਵੀ ਜਾਰੀ ਹੈ। ਇਸ ਆਤਮਗਿਆਨ ਪ੍ਰਾਪਤੀ ਦੇ ਬਾਅਦ ਹਜਾਰਾਂ ਸਾਧਕ ਸੰਸਾਰ ਵਿੱਚ ਰਹਿੰਦੇ ਹੋਏ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਮੁਕਤ ਰਹਿ ਕੇ ਆਤਮ ਰਮਣਤਾ ਦਾ ਅਨੁਭਵ ਕਰਦੇ ਹਨ।

ਗ੍ਰੰਥ ਵਿੱਚ ਲਿਖੀ ਬਾਣੀ ਮੋਕਸ਼ ਪ੍ਰਾਪਤ ਕਰਨ ਵਾਲਿਆਂ ਲਈ ਬਹੁਤ ਜ਼ਿਆਦਾ ਉਪਯੋਗੀ ਸਿੱਧ ਹੋਵੇਗੀ, ਪਰ ਮੋਕਸ਼ ਪ੍ਰਾਪਤ ਦੀ ਇੱਛਾ ਕਰਨ ਵਾਲਿਆਂ ਲਈ ਆਤਮਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ। ਅਕ੍ਰਮ ਮਾਰਗ ਦੇ ਦੁਆਰਾ ਆਤਮਗਿਆਨ ਦੀ ਪ੍ਰਾਪਤੀ ਦਾ ਰਾਹ ਅੱਜ ਵੀ ਖੁੱਲਾ ਹੈ। ਜਿਵੇਂ ਜਗਦਾ ਹੋਇਆ ਦੀਵਾ ਹੀ ਦੂਜੇ ਦੀਵੇ ਨੂੰ ਜਗਾ ਸਕਦਾ ਹੈ, ਉਸੇ ਤਰ੍ਹਾਂ ਪ੍ਰਤੱਖ ਆਤਮਗਿਆਨੀ ਤੋਂ ਆਤਮਗਿਆਨ ਪ੍ਰਾਪਤ ਕਰਕੇ ਹੀ ਖੁਦ ਦਾ ਆਤਮਾ ਜਾਗ੍ਰਤ ਹੋ ਸਕਦਾ ਹੈ।

# ਬੇਨਤੀ

ਆਤਮਵਿਗਿਆਨੀ ਸ਼੍ਰੀ ਅੰਬਾਲਾਲ ਮੂਲਜੀ ਭਾਈ ਪਟੇਲ, ਜਿਨ੍ਹਾਂ ਨੂੰ ਲੋਕ 'ਦਾਦਾ ਭਗਵਾਨ' ਦੇ ਨਾਮ ਨਾਲ ਵੀ ਜਾਣਦੇ ਹਨ, ਉਹਨਾਂ ਦੇ ਸ਼੍ਰੀ ਮੁੱਖ ਤੋਂ ਅਧਿਆਤਮ ਅਤੇ ਵਿਹਾਰ ਗਿਆਨ ਸਬੰਧੀ ਜੋ ਬਾਣੀ ਨਿੱਕਲੀ, ਉਸਨੂੰ ਰਿਕਾਰਡ ਕਰਕੇ, ਸੰਕਲਨ ਅਤੇ ਸੰਪਾਦਨ ਕਰਕੇ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

ਗਿਆਨੀ ਪੁਰਖ ਪੂਜਯ ਦਾਦਾ ਭਗਾਵਨ ਦੇ ਸ਼੍ਰੀ ਮੁੱਖ ਤੋਂ ਅਧਿਆਤਮ ਅਤੇ ਵਿਹਾਰ ਗਿਆਨ ਸਬੰਧੀ ਵਿਭਿੰਨ ਵਿਸ਼ਿਆਂ ਤੇ ਨਿੱਕਲੀ ਸਰਸਵਤੀ ਦਾ ਅਦਭੁਤ ਸੰਕਲਨ ਇਸ ਪੁਸਤਕ ਵਿੱਚ ਹੋਇਆ ਹੈ, ਜੋ ਪਾਠਕਾਂ ਦੇ ਲਈ ਵਰਦਾਨ ਰੂਪ ਸਾਬਿਤ ਹੋਵੇਗੀ।

ਪ੍ਰਸਤੂਤ ਅਨੁਵਾਦ ਵਿੱਚ ਇਹ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਵਾਚਕ ਨੂੰ ਦਾਦਾਜੀ ਦੀ ਹੀ ਬਾਣੀ ਸੁਣੀ ਜਾ ਰਹੀ ਹੈ, ਏਦਾਂ ਅਨੂਭਵ ਹੋਵੇ, ਜਿਸਦੇ ਕਾਰਣ ਸ਼ਾਇਦ ਕੁੱਝ ਜਗ੍ਹਾ ਤੇ ਅਨੁਵਾਦ ਦੀ ਵਾਕ ਰਚਨਾ ਪੰਜਾਬੀ ਵਿਆਕਰਣ ਦੇ ਅਨੁਸਾਰ ਉਸ ਵਿੱਚ ਕਮੀ ਲਗ ਸਕਦੀ ਹੈ, ਪਰ ਇੱਥੇ ਆਸ਼ਯ ਨੂੰ ਸਮਝ ਕੇ ਪੜ੍ਹਿਆ ਜਾਵੇ ਤਾਂ ਜ਼ਿਆਦਾ ਲਾਭਕਾਰੀ ਹੋਵੇਗਾ।

ਗਿਆਨੀ ਦੀ ਬਾਣੀ ਨੂੰ ਪੰਜਾਬੀ ਭਾਸ਼ਾ ਵਿੱਚ ਯਥਾਰਤ ਰੂਪ ਵਿੱਚ ਅਨੁਵਾਦਿਤ ਕਰਨ ਦਾ ਯਤਨ ਕੀਤਾ ਗਿਆ ਹੈ। ਪ੍ਰਸਤੁਤ ਪੁਸਤਕ ਵਿੱਚ ਕਈ ਜਗ੍ਹਾ ਤੇ ਬਰੈਕਟ ਵਿੱਚ ਦਿੱਤੇ ਗਏ ਸ਼ਬਦ ਜਾਂ ਵਾਕ ਪਰਮ ਪੂਜਯ ਦਾਦਾਸ਼੍ਰੀ ਦੁਆਰਾ ਬੋਲੇ ਗਏ ਵਾਕਾਂ ਨੂੰ ਜ਼ਿਆਦਾ ਸਪਸ਼ਟ ਸਮਝਾਉਣ ਦੇ ਲਈ ਲਿਖੇ ਗਏ ਹਨ। ਜਦੋਂ ਕਿ ਕੁੱਝ ਜਗ੍ਹਾ ਤੇ ਅੰਗਰੇਜ਼ੀ ਸ਼ਬਦਾਂ ਦੇ ਪੰਜਾਬੀ ਅਰਥ ਦੇ ਰੂਪ ਵਿੱਚ ਰੱਖੇ ਗਏ ਹਨ। ਦਾਦਾਸ਼੍ਰੀ ਦੇ ਸ਼੍ਰੀ ਮੁੱਖ ਤੋਂ ਨਿੱਕਲੇ ਕੁੱਝ ਗੁਜਰਾਤੀ ਸ਼ਬਦ ਉਸੇ ਤਰ੍ਹਾਂ ਰੱਖੇ ਗਏ ਹਨ, ਕਿਉਂਕਿ ਉਹਨਾਂ ਸ਼ਬਦਾਂ ਦੇ ਲਈ ਪੰਜਾਬੀ ਵਿੱਚ ਇਹੋ ਜਿਹਾ ਕੋਈ ਸ਼ਬਦ ਨਹੀਂ ਹੈ, ਜੋ ਉਸਦਾ ਪੂਰਣ ਅਰਥ ਦੇ ਸਕੇ। ਜਦੋਂ ਕਿ ਉਹਨਾਂ ਸ਼ਬਦਾਂ ਦੇ ਸਮਾਨਅਰਥੀ ਸ਼ਬਦ ਅਰਥ ਦੇ ਰੂਪ ਵਿੱਚ ਬਰੈਕਟ ਵਿੱਚ ਦਿੱਤੇ ਗਏ ਹਨ।

ਅਨੁਵਾਦ ਸਬੰਧੀ ਕਮੀਆਂ ਦੇ ਲਈ ਆਪ ਤੋਂ ਖਿਮਾਂ ਦੇ ਜਾਚਕ ਹਾਂ।

# ਸੰਪਾਦਕੀ

ਮੌਤ ਮਨੁੱਖ ਨੂੰ ਕਿੰਨਾ ਜ਼ਿਆਦਾ ਭੈਅਭੀਤ ਕਰਦੀ ਹੈ, ਕਿੰਨਾ ਜ਼ਿਆਦਾ ਸ਼ੋਕ ਉਤਪੰਨ ਕਰਵਾਉਂਦੀ ਹੈ ਅਤੇ ਨਿਰੇ ਦੁੱਖ ਵਿੱਚ ਹੀ ਡੁਬੋ ਕੇ ਰੱਖਦੀ ਹੈ ਅਤੇ ਹਰ ਇੱਕ ਮਨੁੱਖ ਨੂੰ ਜੀਵਨ ਵਿੱਚ ਕਿਸੇ ਨਾ ਕਿਸੇ ਦੀ ਮੌਤ ਦਾ ਸਾਕਸ਼ੀ ਬਣਨਾ ਪੈਂਦਾ ਹੈ। ਉਸ ਸਮੇਂ ਮੌਤ ਦੇ ਸਬੰਧ ਵਿੱਚ ਸੈਂਕੜੇ ਵਿਚਾਰ ਉੱਠਦੇ ਹਨ ਕਿ ਮੌਤ ਦੇ ਸਵਰੂਪ ਦੀ ਵਾਸਤਵਿਕਤਾ ਕੀ ਹੋਵੇਗੀ? ਪਰ ਉਸਦਾ ਰਹੱਸ ਨਾ ਖੁੱਲਣ ਦੇ ਕਾਰਣ ਉੱਥੇ ਦਾ ਉੱਥੇ ਹੀ ਅਟਕ ਜਾਂਦਾ ਹੈ। ਇਸ ਮੌਤ ਦੇ ਰਹੱਸ ਨੂੰ ਜਾਣਨ ਦੇ ਲਈ ਹਰ ਕੋਈ ਉਤਸੁੱਕ ਹੁੰਦਾ ਹੀ ਹੈ। ਉਸਦੇ ਬਾਰੇ ਬਹੁਤ ਕੁੱਝ ਸੁਣਨ ਜਾਂ ਪੜ੍ਹਨ ਨੂੰ ਮਿਲਦਾ ਹੈ। ਲੋਕਾਂ ਤੋਂ ਗੱਲਾਂ ਵੀ ਜਾਣਨ ਨੂੰ ਮਿਲਦੀਆਂ ਹਨ। ਪਰ ਉਹ ਸਿਰਫ਼ ਬੁੱਧੀ ਦੀਆਂ ਅਟਕਲਾਂ ਹੀ ਹਨ।

ਮੌਤ ਕੀ ਹੋਵੇਗੀ? ਮੌਤ ਤੋਂ ਪਹਿਲਾਂ ਕੀ ਹੁੰਦਾ ਹੋਵੇਗਾ? ਮੌਤ ਦੇ ਸਮੇਂ ਕੀ ਹੁੰਦਾ ਹੋਵੇਗਾ? ਮੌਤ ਤੋਂ ਬਾਅਦ ਕੀ ਹੁੰਦਾ ਹੈ? ਮੌਤ ਦੇ ਅਨੁਭਵ ਦੱਸਣ ਵਾਲਾ ਕੌਣ? ਜਿਸਦੀ ਮੌਤ ਹੁੰਦੀ ਹੈ, ਉਹ ਆਪਣੇ ਅਨੁਭਵ ਕਹਿ ਨਹੀਂ ਸਕਦਾ। ਜੋ ਜਨਮ ਲੈਂਦਾ ਹੈ, ਉਹ ਆਪਣੀ ਪਹਿਲਾਂ ਦੀ ਅਵਸਥਾ ਸਥਿਤੀ ਜਾਣਦਾ ਨਹੀਂ ਹੈ। ਇਸ ਤਰ੍ਹਾਂ ਜਨਮ ਤੋਂ ਪਹਿਲਾਂ ਅਤੇ ਮੌਤ ਤੋਂ ਬਾਅਦ ਦੀ ਅਵਸਥਾ ਕੋਈ ਜਾਣਦਾ ਨਹੀਂ ਹੈ। ਇਸ ਲਈ ਮੌਤ ਤੋਂ ਪਹਿਲਾਂ, ਮੌਤ ਦੇ ਸਮੇਂ ਅਤੇ ਮੌਤ ਤੋਂ ਬਾਅਦ ਕਿਸ ਦਸ਼ਾ ਵਿੱਚੋਂ ਗੁਜਰਨਾ ਪੈਂਦਾ ਹੈ, ਉਸਦਾ ਰਹੱਸ, ਰਹੱਸ ਹੀ ਰਹਿ ਜਾਂਦਾ ਹੈ। ਦਾਦਾਸ਼੍ਰੀ ਨੇ ਆਪਣੇ ਗਿਆਨ ਵਿੱਚ ਦੇਖ ਕੇ ਇਹ ਸਾਰੇ ਰਹੱਸ, ਜਿਵੇਂ ਹਨ ਉਸੇ ਤਰ੍ਹਾਂ ਯਥਾਰਤ ਰੂਪ ਵਿੱਚ ਖੁੱਲੇ ਕੀਤੇ ਹਨ, ਜੋ ਇੱਥੇ ਸੰਕਲਿਤ ਹੋਏ ਹਨ।

ਮੌਤ ਦਾ ਰਹੱਸ ਸਮਝ ਵਿੱਚ ਆਉਂਦੇ ਹੀ ਮੌਤ ਦਾ ਭੈਅ ਚਲਾ ਜਾਂਦਾ ਹੈ।

ਪਿਆਰੇ ਸਵਜਨ ਦੀ ਮੌਤ ਦੇ ਸਮੇਂ ਸਾਨੂੰ ਕੀ ਕਰਨਾ ਚਾਹੀਦਾ ਹੈ? ਸਾਡਾ ਸਹੀ ਫ਼ਰਜ਼ ਕੀ ਹੈ? ਉਸਦੀ ਗਤੀ ਕਿਸ ਤਰ੍ਹਾਂ ਸੁਧਾਰਨੀ ਚਾਹੀਦੀ ਹੈ? ਪਿਆਰੇ ਸਵਜਨ ਦੀ ਮੌਤ ਤੋਂ ਬਾਅਦ ਸਾਨੂੰ ਕੀ ਕਰਨਾ ਚਾਹੀਦਾ ਹੈ? ਅਸੀਂ ਕਿਸ ਸਮਝ ਨਾਲ ਸਮਤਾ ਵਿੱਚ ਰਹੀਏ?

ਜੋ ਵੀ ਲੋਕ ਮਾਨਤਾਵਾਂ ਹਨ, ਜਿਵੇਂ ਕਿ ਸ਼ਰਾਧ, ਤੇਰਵਾਂ, ਬ੍ਰਹਮਭੋਜ, ਦਾਨ, ਗਰੁੜ ਪੁਰਾਣ ਆਦਿ, ਉਹਨਾਂ ਦੀ ਸੱਚਾਈ ਕਿੰਨੀ? ਮਰਨ ਵਾਲੇ ਨੂੰ ਕੀ-ਕੀ ਪਹੁੰਚਦਾ ਹੈ? ਇਹ ਸਭ ਕਰਨਾ ਚਾਹੀਦਾ ਹੈ ਜਾਂ ਨਹੀਂ? ਮੌਤ ਤੋਂ ਬਾਅਦ ਦੀ ਗਤੀ ਦੀ ਸਥਿਤੀ ਆਦਿ ਸਭ ਖੁਲਾਸੇ ਇੱਥੇ ਸਪਸ਼ਟ ਹੁੰਦੇ ਹਨ।

ਇਹੋ ਜਿਹੀ, ਭੈਅਭੀਤ ਕਰਨ ਵਾਲੀ ਮੌਤ ਦੇ ਰਹੱਸ ਜਦੋਂ ਪਤਾ ਚੱਲਦੇ ਹਨ, ਉਦੋਂ ਮਨੁੱਖ ਨੂੰ ਇਹੋ ਜਿਹੇ ਅਵਸਰ ਤੇ ਉਸਦੇ ਜੀਵਨ ਕਾਲ ਦੇ ਸਮੇਂ ਦੇ ਵਿਹਾਰ ਵਿੱਚ ਇਹੋ ਜਿਹੇ ਅਵਸਰਾਂ ਤੇ ਨਿਸ਼ਚੈ ਹੀ ਸਾਂਤਵਨਾ ਪ੍ਰਾਪਤ ਹੁੰਦੀ ਹੈ।

'ਗਿਆਨੀ ਪੁਰਖ' ਉਹ, ਜੋ ਦੇਹ ਤੋਂ, ਦੇਹ ਦੀਆਂ ਸਭ ਅਵਸਥਾਵਾਂ ਤੋਂ, ਜਨਮ ਤੋਂ, ਮੌਤ ਤੋਂ ਅਲੱਗ ਹੀ ਰਹੇ। ਉਹਨਾਂ ਦੇ ਨਿਰੰਤਰ ਗਿਆਤਾ-ਦ੍ਰਸ਼ਟਾ ਰਹਿੰਦੇ ਹਨ ਅਤੇ ਅਜਨਮ-ਅਮਰ ਆਤਮਾ ਦੀ ਅਨੁਭਵ ਦਸ਼ਾ ਵਿੱਚ ਵਰਤਦੇ ਹਨ ਉਹ! ਜੀਵਨ ਤੋਂ ਪੂਰਵ ਦੀ, ਜੀਵਨ ਦੇ ਬਾਅਦ ਦੀ ਅਤੇ ਦੇਹ ਦੀ ਆਖ਼ਰੀ ਅਵਸਥਾ ਵਿੱਚ ਅਜਨਮ-ਅਮਰ, ਇਹੋ ਜਿਹੇ ਆਤਮਾ ਦੀ ਸਥਿਤੀ ਦੀ ਹਕੀਕਤ ਕੀ ਹੈ, ਇਹ ਗਿਆਨੀ ਪੁਰਖ ਗਿਆਨ ਦ੍ਰਿਸ਼ਟੀ ਨਾਲ ਖੁੱਲਮਖੁੱਲਾ ਕਹਿ ਦਿੰਦੇ ਹਨ।

ਆਤਮਾ ਦਾ ਸਦੈਵ ਜਨਮ-ਮਰਣ ਤੋਂ ਪਰੇ ਹੀ ਹੈ, ਉਹ ਤਾਂ ਕੇਵਲਗਿਆਨ ਸਵਰੂਪ ਹੀ ਹੈ। ਕੇਵਲ ਗਿਆਤਾ-ਦ੍ਰਸ਼ਟਾ ਹੀ ਹੈ। ਜਨਮ-ਮਰਣ ਆਤਮਾ ਨੂੰ ਹੈ ਹੀ ਨਹੀਂ। ਫਿਰ ਵੀ ਬੁੱਧੀ ਨਾਲ ਜਨਮ-ਮਰਣ ਦੀ ਪਰੰਪਰਾ ਦਾ ਸਿਰਜਨ ਹੁੰਦਾ ਹੈ, ਜੋ ਮਨੁੱਖ ਦੇ ਅਨੁਭਵ ਵਿੱਚ ਆਉਂਦਾ ਹੈ। ਉਦੋਂ ਸੁਭਾਵਿਕ ਰੂਪ ਵਿੱਚ ਮੂਲ ਪ੍ਰਸ਼ਨ ਸਾਹਮਣੇ ਆਉਂਦਾ ਹੈ ਕਿ ਜਨਮ-ਮਰਣ ਕਿਸ ਪ੍ਰਕਾਰ ਹੁੰਦੇ ਹਨ? ਉਸ ਸਮੇਂ ਆਤਮਾ ਦੇ ਨਾਲ-ਨਾਲ ਕੀ-ਕੀ ਵਸਤੂਆਂ ਹੁੰਦੀਆਂ ਹਨ? ਉਹਨਾਂ ਸਭ ਦਾ ਕੀ ਹੁੰਦਾ ਹੈ? ਪੁਨਰ ਜਨਮ ਕਿਸ ਦਾ ਹੁੰਦਾ ਹੈ? ਕਿਵੇਂ ਹੁੰਦਾ ਹੈ? ਆਵਾਗਮਨ ਕਿਸ ਦਾ ਹੈ? ਕਾਰਜ ਵਿੱਚੋਂ ਕਾਰਣ ਅਤੇ ਕਾਰਣ ਵਿੱਚੋਂ ਕਾਰਜ ਦੀ ਪਰੰਪਰਾ ਦਾ ਸਿਰਜਨ ਕਿਵੇਂ ਹੁੰਦਾ ਹੈ? ਉਹ ਕਿਵੇਂ ਰੁਕ ਸਕਦਾ ਹੈ? ਆਯੂਸ਼ਯ ਦੇ ਬੰਧ ਕਿਸ ਤਰ੍ਹਾਂ ਪੈਂਦੇ ਹਨ? ਆਯੂਸ਼ਯ ਕਿਸ ਆਧਾਰ ਤੇ ਨਿਸ਼ਚਿਤ ਹੁੰਦਾ ਹੈ? ਇਹੋ ਜਿਹੇ ਸਨਾਤਨ ਪ੍ਰਸ਼ਨਾ ਦੀ ਸਚੋਟ-ਸਮਾਧਾਨਕਾਰੀ, ਵਿਗਿਆਨਿਕ ਸਮਝ ਗਿਆਨੀ ਪੁਰਖ ਤੋਂ ਸਿਵਾ ਕੌਣ ਦੇ ਸਕਦਾ ਹੈ?

ਉਸ ਤੋਂ ਵੀ ਅੱਗੇ, ਗਤੀਆਂ ਵਿੱਚ ਪ੍ਰਵੇਸ਼ ਦੇ ਕਾਨੂੰਨ ਕੀ ਹੋਣਗੇ? ਆਤਮ ਹੱਤਿਆ ਦੇ ਕਾਰਣ ਅਤੇ ਪਰਿਣਾਮ ਕੀ ਹਨ? ਪ੍ਰੇਤ ਯੋਨੀ ਕੀ ਹੁੰਦੀ ਹੋਵੇਗੀ? ਭੂਤ ਯੋਨੀ ਹੈ? ਖੇਤਰ ਪਰਿਵਰਤਨ ਦੇ ਨਿਯਮ ਕੀ ਹਨ? ਭਿੰਨ-ਭਿੰਨ ਗਤੀਆਂ ਦਾ ਆਧਾਰ ਕੀ ਹੈ? ਗਤੀਆਂ ਵਿੱਚੋਂ ਮੁਕਤੀ ਕਿਵੇਂ ਮਿਲਦੀ ਹੈ? ਮੋਕਸ਼ ਗਤੀ ਪ੍ਰਾਪਤ ਕਰਨ ਵਾਲਾ ਆਤਮਾ ਕਿੱਥੇ ਜਾਂਦਾ ਹੈ? ਸਿੱਧ ਗਤੀ ਕੀ ਹੈ? ਇਹ ਸਭ ਗੱਲਾਂ ਇੱਥੇ ਸਪਸ਼ੱਟ ਹੁੰਦੀਆਂ ਹਨ।

ਆਤਮ ਸਵਰੂਪ ਅਤੇ ਅਹੰਕਾਰ-ਸਵਰੂਪ ਦੀ ਸੂਖ਼ਮ ਸਮਝ ਗਿਆਨੀ ਤੋਂ ਇਲਾਵਾ ਕੋਈ ਨਹੀਂ ਸਮਝਾ ਸਕਦਾ।

ਮੌਤ ਤੋਂ ਬਾਅਦ ਫਿਰ ਤੋਂ ਮਰਨਾ ਨਾ ਪਵੇ, ਫਿਰ ਤੋਂ ਜਨਮ ਨਾ ਲੈਣਾਂ ਪਵੇ, ਉਸ ਦਸ਼ਾ ਨੂੰ ਪ੍ਰਾਪਤ ਕਰਨ ਸਬੰਧੀ ਸਾਰੀਆਂ ਸਪਸ਼ਟਤਾਵਾਂ, ਇੱਥੇ ਸੂਖ਼ਮ ਰੂਪ ਨਾਲ ਸੰਕਲਿਤ ਹੋਈਆਂ ਹਨ, ਜੋ ਪਾਠਕ ਨੂੰ ਸੰਸਾਰ ਵਿਹਾਰ ਅਤੇ ਅਧਿਆਤਮਿਕ ਪ੍ਰਗਤੀ ਦੇ ਲਈ ਹਿਤਕਾਰੀ ਹੋ ਕੇ ਰਹਿਣਗੀਆਂ।

-ਡਾ. ਨੀਰੂਭੈਣ ਅਮੀਨ ਦੇ ਜੈ ਸੱਚਿਦਾਨੰਦ

# ਮੌਤ ਸਮੇਂ, ਪਹਿਲਾਂ ਅਤੇ ਬਾਅਦ...

## ਮੁਕਤੀ, ਜਨਮ-ਮਰਣ ਤੋਂ

**ਪ੍ਰਸ਼ਨਕਰਤਾ :** ਜਨਮ-ਮਰਣ ਦੇ ਝੰਜਟ ਤੋਂ ਕਿਵੇਂ ਛੁੱਟੀਏ?

**ਦਾਦਾਸ਼੍ਰੀ :** ਬਹੁਤ ਵਧੀਆ ਪੁੱਛਿਆ। ਕੀ ਨਾਮ ਹੈ ਤੁਹਾਡਾ?

**ਪ੍ਰਸ਼ਨਕਰਤਾ :** ਚੰਦੂਭਾਈ।

**ਦਾਦਾਸ਼੍ਰੀ :** ਸੱਚਮੁੱਚ ਚੰਦੂਭਾਈ ਹੋ?

**ਪ੍ਰਸ਼ਨਕਰਤਾ :** ਹਾਂ।

**ਦਾਦਾਸ਼੍ਰੀ :** ਚੰਦੂਭਾਈ ਤਾਂ ਤੁਹਾਡਾ ਨਾਮ ਹੈ, ਨਹੀਂ?

**ਪ੍ਰਸ਼ਨਕਰਤਾ :** ਹਾਂ।

**ਦਾਦਾਸ਼੍ਰੀ :** ਤਾਂ ਤੁਸੀਂ ਕੌਣ ਹੋ? ਤੁਹਾਡਾ ਨਾਮ ਚੰਦੂਭਾਈ ਹੈ, ਇਹ ਤਾਂ ਸਾਨੂੰ ਸਭ ਨੂੰ ਕਬੂਲ ਹੈ, ਪਰ ਤੁਸੀਂ ਕੌਣ ਹੋ?

**ਪ੍ਰਸ਼ਨਕਰਤਾ :** ਇਸਲਈ ਤਾਂ ਆਇਆ ਹਾਂ।

**ਦਾਦਾਸ਼੍ਰੀ :** ਉਹ ਜਾਣ ਲਈਏ, ਤਾਂ ਜਨਮ-ਮਰਣ ਦਾ ਝੰਜਟ ਛੁੱਟੇ।

ਹਾਲੇ ਤਾਂ ਮੂਲ ਉਸ ਚੰਦੂਭਾਈ ਦੇ ਨਾਮ ਤੇ ਹੀ ਇਹ ਸਭ ਚੱਲਦਾ ਰਿਹਾ ਹੈ ਨਾ? ਸਭ ਚੰਦੂਭਾਈ ਦੇ ਨਾਮ ਤੇ?! ਓਏ, ਧੋਖਾ ਹੋ ਜਾਵੇਗਾ ਇਹ ਤਾਂ? ਆਪਣੇ ਤੇ ਥੋੜਾ ਤਾਂ ਰੱਖਣਾ ਸੀ ਨਾ?

ਅਰਥੀ ਮਤਲਬ ਕੁਦਰਤ ਦੀ ਜ਼ਬਤੀ! ਕਿਹੋ ਜਿਹੀ ਜ਼ਬਤੀ? ਤਾਂ ਕਹੀਏ, ਨਾਮ ਵਾਲਾ ਜੋ ਬੈਂਕ ਬੈਲੇਂਸ ਸੀ, ਉਹ ਜ਼ਬਤ ਹੋ ਗਿਆ, ਬੱਚੇ ਜ਼ਬਤੀ ਵਿੱਚ ਗਏ, ਬੰਗਲਾ ਜ਼ਬਤੀ ਵਿੱਚ ਗਿਆ। ਫਿਰ ਇਹ ਕੱਪੜੇ ਜੋ ਨਾਮ ਤੇ ਰਹੇ ਹਨ, ਉਹ ਵੀ ਜ਼ਬਤੀ ਵਿੱਚ ਗਏ! ਸਭ ਕੁੱਝ ਜ਼ਬਤੀ ਵਿੱਚ ਗਿਆ। ਤਾਂ ਕਹਿੰਦਾ ਹੈ 'ਸਾਹਿਬ, ਹੁਣ ਮੈਂ ਉੱਥੇ ਨਾਲ ਕੀ ਲੈ ਕੇ ਜਾਣਾ ਹੈ?' ਤਾਂ ਕਹੀਏ 'ਲੋਕਾਂ ਦੇ ਨਾਲ ਜੋ ਗੁੱਥੀਆਂ ਉਲਝਾਈਆਂ ਸਨ, ਓਨੀਆਂ ਲੈ ਜਾਓ!' ਇਸ ਲਈ ਇਹ ਨਾਮ ਵਾਲਾ ਸਭ ਜ਼ਬਤੀ ਵਿੱਚ ਜਾਣ ਵਾਲਾ ਹੈ। ਇਸ ਲਈ ਸਾਨੂੰ ਆਪਣੇ ਖੁਦ ਦੇ ਲਈ ਕੁੱਝ ਕਰਨਾ ਚਾਹੀਦਾ ਹੈ ਨਾ? ਨਹੀਂ ਕਰਨਾ ਚਾਹੀਦਾ?

## ਭੇਜੋ, ਅਗਲੇ ਜਨਮ ਦੀਆਂ ਗਠੜੀਆਂ

ਜੋ ਸਾਡੇ ਰਿਸ਼ਤੇਦਾਰ ਨਾ ਹੋਣ, ਇਹੋ ਜਿਹੇ ਦੂਸਰੇ ਲੋਕਾਂ ਨੂੰ ਕੁੱਝ ਸੁੱਖ ਦਿੱਤਾ ਹੋਵੇ, ਫੇਰਾ ਲਗਾ ਕੇ, ਦੂਸਰਾ ਕੁੱਝ ਵੀ ਉਹਨਾਂ ਨੂੰ ਦਿੱਤਾ ਹੋਵੇ ਤਾਂ ਉਹ 'ਉੱਥੇ' ਪਹੁੰਚੇਗਾ। ਰਿਸ਼ਤੇਦਾਰ ਨਹੀਂ, ਪਰ ਦੂਸਰੇ ਲੋਕਾਂ ਦੇ ਲਈ। ਫਿਰ ਇੱਥੇ ਲੋਕਾਂ ਨੂੰ ਦਵਾਈਆਂ ਦਾ ਦਾਨ ਦਿੱਤਾ ਹੋਵੇ, ਔਸ਼ਧਦਾਨ, ਆਹਾਰ ਦਾਨ ਦਿੱਤਾ ਹੋਵੇ, ਫਿਰ ਗਿਆਨ ਦਾਨ ਦਿੱਤਾ ਹੋਵੇ ਅਤੇ ਅਭੈ ਦਾਨ ਉਹ ਸਭ ਦਿੱਤਾ ਹੋਵੇ, ਤਾਂ ਉਹ ਸੱਭ ਉੱਥੇ ਆਵੇਗਾ। ਇਹਨਾਂ ਵਿੱਚੋਂ ਕੁੱਝ ਦਿੰਦੇ ਹੋ ਜਾਂ ਏਦਾਂ ਹੀ ਸੱਭ? ਖਾ ਜਾਂਦੇ ਹੋ?

ਜੇ ਨਾਲ ਲੈ ਜਾ ਸਕਦੇ ਤਾਂ ਇੱਥੇ ਤਾਂ ਇਹੋ ਜਿਹੇ ਵੀ ਹਨ ਕਿ ਤਿੰਨ ਲੱਖ ਦਾ ਕਰਜ਼ ਕਰਕੇ ਜਾਣ! ਧੰਨ ਹੈ ਨਾ! ਜਗਤ ਹੀ ਇਸ ਤਰ੍ਹਾਂ ਦਾ ਹੈ, ਇਸ ਲਈ ਨਹੀਂ ਲੈ ਜਾ ਸਕਦੇ, ਇਹੀ ਚੰਗਾ ਹੈ।

## ਮਾਇਆ ਦੀ ਕਰਾਮਾਤ

ਜਨਮ ਮਾਇਆ ਕਰਵਾਉਂਦੀ ਹੈ, ਵਿਆਹ ਮਾਇਆ ਕਰਵਾਉਂਦੀ ਹੈ ਅਤੇ ਮੌਤ ਵੀ ਮਾਇਆ ਹੀ ਕਰਵਾਉਂਦੀ ਹੈ। ਪਸੰਦ ਹੋਵੇ ਜਾਂ ਨਾਪਸੰਦ ਹੋਵੇ,

ਪਰ ਛੁਟਕਾਰਾ ਨਹੀਂ ਹੈ। ਪਰ ਇੰਨੀ ਸ਼ਰਤ ਹੁੰਦੀ ਹੈ ਕਿ ਮਾਇਆ ਦਾ ਸਮਰਾਜ ਨਹੀਂ ਹੈ। ਮਾਲਕ ਤੁਸੀਂ ਹੋ। ਅਰਥਾਤ ਤੁਹਾਡੀ ਇੱਛਾ ਦੇ ਅਨੁਸਾਰ ਹੋਇਆ ਹੈ। ਪਿਛਲੇ ਜਨਮ ਦੀ ਤੁਹਾਡੀ ਜੋ ਇੱਛਾ ਸੀ, ਉਸਦਾ ਹਿਸਾਬ ਨਿਕਲਿਆ ਅਤੇ ਉਸਦੇ ਅਨੁਸਾਰ ਮਾਇਆ ਚਲਾਉਂਦੀ ਹੈ। ਫਿਰ ਹੁਣ ਰੌਲ਼ਾ ਪਾਵੇ ਤਾਂ ਨਹੀਂ ਚੱਲਦਾ। ਅਸੀਂ ਹੀ ਮਾਇਆ ਨੂੰ ਕਿਹਾ ਸੀ ਕਿ ਇਹ ਮੇਰਾ ਲੇਖਾ-ਜੋਖਾ ਹੈ।

## ਜ਼ਿੰਦਗੀ ਇੱਕ ਕੈਦ

**ਪ੍ਰਸ਼ਨਕਰਤਾ :** ਤੁਹਾਡੇ ਹਿਸਾਬ ਨਾਲ ਜ਼ਿੰਦਗੀ ਕੀ ਹੈ?

**ਦਾਦਾਸ਼੍ਰੀ :** ਮੇਰੇ ਹਿਸਾਬ ਨਾਲ ਜ਼ਿੰਦਗੀ, ਜੇਲ਼ ਹੈ, ਜੇਲ਼! ਉਹ ਚਾਰ ਤਰ੍ਹਾਂ ਦੀਆਂ ਜੇਲਾਂ ਹਨ।

ਪਹਿਲੀ ਨਜ਼ਰਕੈਦ ਹੈ। ਦੇਵਲੋਕ ਨਜ਼ਰਕੈਦ ਵਿੱਚ ਹਨ। ਇਹ ਮਨੁੱਖ ਸਾਦੀ ਕੈਦ ਵਿੱਚ ਹਨ। ਜਾਨਵਰ ਕੜੀ ਮਜ਼ਦੂਰੀ ਵਾਲੀ ਕੈਦ ਵਿੱਚ ਹਨ ਅਤੇ ਨਰਕ ਦੇ ਜੀਵ ਉਮਰ ਕੈਦ ਵਿੱਚ ਹਨ।

## ਜਨਮ ਸਮੇਂ ਤੋਂ ਨਾਲ ਹੀ ਚੱਲੇ ਆਰੀ

ਇਹ ਸ਼ਰੀਰ ਵੀ ਹਰ ਪਲ ਮਰ ਰਿਹਾ ਹੈ, ਪਰ ਲੋਕਾਂ ਨੂੰ ਕੀ, ਕੁੱਝ ਪਤਾ ਹੈ? ਪਰ ਆਪਣੇ ਲੋਕ ਤਾਂ, ਲੱਕੜੀ ਦੇ ਦੋ ਟੁਕੜੇ ਹੋ ਜਾਣ ਅਤੇ ਥੱਲੇ ਡਿੱਗ ਜਾਣ, ਤਾਂ ਕਹਿਣਗੇ, 'ਕਟ ਗਿਆ' ਓਏ, ਇਹ ਕਟ ਹੀ ਰਿਹਾ ਸੀ, ਇਹ ਆਰੀ ਚੱਲ ਹੀ ਰਹੀ ਸੀ।

## ਮੌਤ ਦਾ ਭੈਅ

ਇਹ ਨਿਰੰਤਰ ਭੈਅ ਵਾਲਾ ਜਗਤ ਹੈ। ਇੱਕ ਪਲ ਭਰ ਦੇ ਲਈ ਵੀ ਨਿਰਭੈ ਵਾਲਾ ਇਹ ਜਗਤ ਨਹੀਂ ਹੈ ਅਤੇ ਜਿੰਨੀ ਨਿਰਭੈਤਾ ਲੱਗਦੀ ਹੈ, ਉਨੀ

ਹੀ ਮੂਰਛਾ ਵਿੱਚ ਹੈ ਜੀਵ। ਖੁੱਲੀਆਂ ਅੱਖਾਂ ਨਾਲ ਸੌਂ ਰਹੇ ਹਨ, ਇਸ ਲਈ ਇਹ ਸਭ ਚੱਲ ਰਿਹਾ ਹੈ।

**ਪ੍ਰਸ਼ਨਕਰਤਾ :** ਏਦਾਂ ਕਿਹਾ ਜਾਂਦਾ ਹੈ ਕਿ ਆਤਮਾ ਮਰਦਾ ਨਹੀਂ ਹੈ, ਉਹ ਤਾਂ ਜਿਉਂਦਾ ਹੀ ਰਹਿੰਦਾ ਹੈ।

**ਦਾਦਾਸ਼੍ਰੀ :** ਆਤਮਾ ਮਰਦਾ ਹੀ ਨਹੀਂ ਹੈ, ਪਰ ਜਦੋਂ ਤੱਕ ਤੁਸੀਂ ਆਤਮ ਸਵਰੂਪ ਹੋਏ ਨਹੀਂ, ਉਦੋਂ ਤੱਕ ਤੁਹਾਨੂੰ ਭੈਅ (ਡਰ) ਲੱਗਦਾ ਰਹਿੰਦਾ ਹੈ ਨਾ? ਮਰਨ ਦਾ ਭੈਅ ਲੱਗਦਾ ਹੈ ਨਾ? ਸ਼ਰੀਰ ਨੂੰ ਕੁੱਝ ਦਰਦ ਹੋਵੇ ਨਾ, ਤਾਂ 'ਛੁੱਟ ਜਾਵਾਂਗਾ, ਮਰ ਜਾਵਾਂਗਾ' ਏਦਾਂ ਭੈਅ ਲੱਗਦਾ ਹੈ। ਦੇਹ ਦੀ ਦ੍ਰਿਸ਼ਟੀ ਨਾ ਹੋਵੇ, ਤਾਂ ਖੁਦ ਮਰ ਨਹੀਂ ਜਾਂਦਾ। 'ਮੈਂ ਹੀ ਹਾਂ ਇਹ, ਇਹੀ ਮੈਂ ਹਾਂ' ਏਦਾਂ ਤੁਹਾਨੂੰ ਸ਼ਤ-ਪ੍ਰਤੀਸ਼ਤ ਹੈ। ਤੁਹਾਨੂੰ 'ਇਹ ਚੰਦੂਲਾਲ, ਉਹ ਮੈਂ ਹੀ ਹਾਂ, ਇਹ ਸ਼ਤ-ਪ੍ਰਤੀਸ਼ਤ ਵਿਸ਼ਵਾਸ ਹੈ ਨਾ?'

## ਯਮਰਾਜ ਜਾਂ ਨਿਯਮਰਾਜ?

ਇਸ ਹਿੰਦੂਸਤਾਨ ਦੇ ਸਾਰੇ ਵਹਿਮ ਮੈਂ ਕੱਢ ਦੇਣੇ ਹਨ। ਸਾਰਾ ਦੇਸ਼ ਵਿਚਾਰਾ ਵਹਿਮ ਵਿੱਚ ਹੀ ਖਤਮ ਹੋ ਗਿਆ ਹੈ। ਇਸ ਲਈ ਯਮਰਾਜ ਨਾਮਕ ਜੰਤੂ ਨਹੀਂ ਹੈ, ਇਹ ਮੈਂ ਗਰੰਟੀ ਦੇ ਨਾਲ ਕਹਿੰਦਾ ਹਾਂ। ਤਾਂ ਕੋਈ ਪੁੱਛੇ, 'ਪਰ ਕੀ ਹੋਵੇਗਾ? ਕੁੱਝ ਤਾਂ ਹੋਵੇਗਾ ਨਾ?' ਤਾਂ ਮੈਂ ਕਿਹਾ, 'ਨਿਯਮਰਾਜ ਹੈ।' ਇਸ ਲਈ ਇਹ ਮੈਂ ਦੇਖ ਕੇ ਕਹਿੰਦਾ ਹਾਂ। ਮੈਂ ਕੁੱਝ ਪੜ੍ਹਿਆ ਹੋਇਆ ਨਹੀਂ ਬੋਲਦਾ। ਇਹ ਮੇਰੇ ਦਰਸ਼ਨ ਵਿੱਚ ਦੇਖ ਕੇ, ਇਹਨਾਂ ਅੱਖਾਂ ਨਾਲ ਨਹੀਂ, ਮੇਰਾ ਜੋ ਦਰਸ਼ਨ ਹੈ, ਉਸ ਨਾਲ ਦੇਖ ਕੇ ਇਹ ਸਭ ਕਹਿੰਦਾ ਹਾਂ।

## ਮੌਤ ਤੋਂ ਬਾਅਦ ਕੀ?

**ਪ੍ਰਸ਼ਨਕਰਤਾ :** ਮੌਤ ਤੋਂ ਬਾਅਦ ਕਿਹੜੀ ਗਤੀ ਹੋਵੇਗੀ?

**ਦਾਦਾਸ਼੍ਰੀ :** ਸਾਰੀ ਜ਼ਿੰਦਗੀ ਜੋ ਕੰਮ ਕੀਤੇ ਹੋਣ, ਸਾਰੀ ਜ਼ਿੰਦਗੀ ਜੋ ਧੰਦੇ ਚਲਾਏ ਹੋਣ ਇੱਥੇ, ਉਹਨਾਂ ਦਾ ਹਿਸਾਬ ਮਰਦੇ ਸਮੇਂ ਨਿਕਲਦਾ ਹੈ। ਮਰਦੇ ਸਮੇਂ ਇੱਕ ਘੰਟਾ ਪਹਿਲਾਂ ਲੇਖਾ-ਜੋਖਾ ਸਾਹਮਣੇ ਆਉਂਦਾ ਹੈ। ਇੱਥੇ ਜੋ ਬਿਨਾਂ

ਹੱਕ ਦਾ ਸੱਭ ਉਡਾਇਆ ਹੋਵੇ, ਪੈਸੇ ਖੋਹ ਲਏ ਹੋਣ, ਔਰਤਾਂ ਖੋਹੀਆਂ ਹੋਣ, ਬਿਨਾਂ ਹੱਕ ਦਾ ਸਭ ਲੈ ਲੈਂਦੇ ਹਨ ਬੁੱਧੀ ਨਾਲ, ਚਾਹੇ ਕਿਸੇ ਵੀ ਤਰ੍ਹਾਂ ਖੋਹ ਲੈਂਦੇ ਹਨ। ਉਹਨਾਂ ਸਭ ਦੀ ਫਿਰ ਜਾਨਵਰ ਗਤੀ ਹੁੰਦੀ ਹੈ ਅਤੇ ਜੇ ਸਾਰਾ ਜੀਵਨ ਸੱਜਣਤਾ ਰੱਖੀ ਹੋਵੇ ਤਾਂ ਮਨੁੱਖ ਗਤੀ ਹੁੰਦੀ ਹੈ। ਮਰਣ ਤੋਂ ਬਾਅਦ ਚਾਰ ਪ੍ਰਕਾਰ ਦੀਆਂ ਹੀ ਗਤੀਆਂ ਹੋਇਆ ਕਰਦੀਆਂ ਹਨ। ਜੋ ਸਾਰੇ ਪਿੰਡ ਦੀ ਫ਼ਸਲ ਜਲ਼ਾ ਦੇਵੇ, ਆਪਣੇ ਸਵਾਰਥ ਦੇ ਲਈ, ਇਹੋ ਜਿਹੇ ਹੁੰਦੇ ਹਨ ਨਾ ਇੱਥੇ? ਉਹਨਾਂ ਨੂੰ ਨਰਕ ਗਤੀ ਮਿਲਦੀ ਹੈ। ਅਪਕਾਰ ਦੇ ਸਾਹਮਣੇ ਵੀ ਉਪਕਾਰ ਕਰਦੇ ਹਨ, ਇਹੋ ਜਿਹੇ ਲੋਕ ਸੁਪਰਹਯੂਮੈਨ ਹੁੰਦੇ ਹਨ, ਉਹ ਫਿਰ ਦੇਵ ਗਤੀ ਵਿੱਚ ਜਾਂਦੇ ਹਨ।

## ਯੋਗ ਉਪਯੋਗ ਪਰੋਪਕਾਰਾਯ

ਮਨ-ਬਚਨ-ਕਾਇਆ ਅਤੇ ਆਤਮਾ ਦਾ ਉਪਯੋਗ ਲੋਕਾਂ ਦੇ ਲਈ ਕਰ। ਆਪਣੇ ਲਈ ਕਰੇਂਗਾ ਤਾਂ ਖਿਰਨੀ ਦਾ (ਦਰਖ਼ਤ ਦਾ ਨਾਮ) ਜਨਮ ਮਿਲੇਗਾ। ਫਿਰ ਪੰਜ ਸੌ ਸਾਲ ਤੱਕ ਭੋਗਦੇ ਹੀ ਰਹਿਣਾ। ਫਿਰ ਤੇਰੇ ਫ਼ਲ ਲੋਕ ਖਾਣਗੇ, ਲੱਕੜੀਆਂ ਜਲਾਉਂਣਗੇ। ਫਿਰ ਲੋਕਾਂ ਦੁਆਰਾ ਤੂੰ ਕੈਦੀ ਦੀ ਤਰ੍ਹਾਂ ਕੰਮ ਵਿੱਚ ਲਿਆ ਜਾਵੇਂਗਾ। ਇਸ ਲਈ ਭਗਵਾਨ ਕਹਿੰਦੇ ਹਨ ਕਿ ਤੇਰੇ ਮਨ-ਬਚਨ-ਕਾਇਆ ਅਤੇ ਆਤਮਾ ਦਾ ਉਪਯੋਗ ਦੂਸਰਿਆਂ ਦੇ ਲਈ ਕਰ, ਫਿਰ ਤੈਨੂੰ ਕੋਈ ਦੁੱਖ ਆਵੇ ਤਾਂ ਮੈਨੂੰ ਕਹਿਣਾ।

## ਹੋਰ ਕਿੱਥੇ ਜਾਂਦੇ ਹਨ?

**ਪ੍ਰਸ਼ਨਕਰਤਾ :** ਦੇਹ ਛੁੱਟਣ ਤੋਂ ਬਾਅਦ ਕੀ ਵਾਪਸ ਆਉਣਾ ਪੈਂਦਾ ਹੈ?

**ਦਾਦਾਸ਼੍ਰੀ :** ਦੂਸਰਾ ਕਿਤੇ ਜਾਣਾ ਹੀ ਨਹੀਂ ਹੈ। ਇੱਥੇ ਦੇ ਇੱਥੇ ਹੀ, ਆਪਣੇ ਆਂਢ-ਗੁਆਂਢ ਵਿੱਚ ਜੋ ਬਲਦ-ਗਾਂ-ਮੱਝ ਬੰਨ੍ਹਦੇ ਹਨ, ਕੁੱਤੇ ਜੋ ਨੇੜੇ ਰਹਿੰਦੇ ਹਨ ਨਾ, ਆਪਣੇ ਹੱਥੋਂ ਹੀ ਖਾਂਦੇ-ਪੀਂਦੇ ਹਨ, ਆਪਣੇ ਸਾਹਮਣੇ ਹੀ ਨਜਰ ਆਉਂਦੇ ਰਹਿੰਦੇ ਹਨ, ਸਾਨੂੰ ਪਹਿਚਾਣਦੇ ਹਨ, ਉਹ ਸਾਡੇ ਮਾਮੇ ਹਨ, ਚਾਚੇ ਹਨ, ਫੁੱਫੜ ਹਨ, ਸਭ ਉਹੀ ਦੇ ਉਹੀ, ਇੱਥੇ ਦੇ ਇੱਥੇ ਹੀ ਹਨ। ਇਸ

ਲਈ ਮਾਰਨਾ ਨਹੀਂ ਉਹਨਾਂ ਨੂੰ। ਖਾਣਾ ਖਿਲਾਉਣਾ। ਤੁਹਾਡੇ ਹੀ ਨੇੜੇ ਦੇ ਹਨ। ਤੁਹਾਨੂੰ ਚੱਟਦੇ ਫ਼ਿਰਦੇ ਹਨ, ਬਲ਼ਦ ਵੀ ਚੱਟਦੇ ਹਨ।

## ਰਿਟਰਨ ਟਿਕਟ!

**ਪ੍ਰਸ਼ਨਕਰਤਾ :** ਗਾਂ-ਮੱਝਾਂ ਦਾ ਜਨਮ ਕਿਉਂ ਮਿਲਦਾ ਹੈ?

**ਦਾਦਾਸ਼੍ਰੀ :** ਇਹ ਤਾਂ ਅਨੰਤ ਜਨਮਾਂ, ਇਹ ਲੋਕ ਸਭ ਆਏ ਹਨ, ਉਹ ਗਾਵਾਂ-ਮੱਝਾਂ ਵਿੱਚੋਂ ਹੀ ਆਏ ਹਨ ਅਤੇ ਇਥੋਂ ਜੋ ਜਾਣ ਵਾਲੇ ਹਨ, ਉਹਨਾਂ ਵਿੱਚੋਂ ਪੰਦਰਾਂ ਪ੍ਰਤੀਸ਼ਤ ਨੂੰ ਛੱਡ ਕੇ ਬਾਕੀ ਸਭ ਉੱਥੇ ਦੀ ਰਿਟਰਨ ਟਿਕਟ ਲੈ ਕੇ ਆਏ ਹਨ। ਕੌਣ-ਕੌਣ ਉੱਥੇ ਦੀ ਟਿਕਟ ਲੈ ਕੇ ਆਏ ਹਨ? ਕਿ ਜੋ ਮਿਲਾਵਟ ਕਰਦੇ ਹਨ, ਜੋ ਬਿਨਾਂ ਹੱਕ ਦਾ ਖੋਹ ਲੈਂਦੇ ਹਨ, ਬਿਨਾਂ ਹੱਕ ਦਾ ਭੋਗਦੇ ਹਨ, ਬਿਨਾਂ ਹੱਕ ਦਾ ਆਇਆ, ਉੱਥੇ ਜਾਨਵਰ ਦਾ ਅਵਤਾਰ ਮਿਲਣ ਵਾਲਾ ਹੈ।

## ਪਿਛਲੇ ਜਨਮਾਂ ਦੀ ਵਿਸਮ੍ਰਿਤੀ

**ਪ੍ਰਸ਼ਨਕਰਤਾ :** ਸਾਨੂੰ ਪਿਛਲੇ ਜਨਮ ਦਾ ਯਾਦ ਕਿਉਂ ਨਹੀਂ ਰਹਿੰਦਾ ਅਤੇ ਜੇ ਯਾਦ ਰਹੇ ਤਾਂ ਕੀ ਹੋਵੇਗਾ?

**ਦਾਦਾਸ਼੍ਰੀ :** ਉਹ ਕਿਸ ਨੂੰ ਯਾਦ ਆਉਂਦਾ ਹੈ ਕਿ ਜਿਸ ਨੂੰ ਮਰਦੇ ਸਮੇਂ ਜ਼ਰਾ ਵੀ ਦੁੱਖ ਨਾ ਹੋਇਆ ਹੋਵੇ ਅਤੇ ਇੱਥੇ ਚੰਗੇ ਆਚਾਰ-ਵਿਚਾਰ ਵਾਲਾ ਹੋਵੇ, ਤਾਂ ਉਸਨੂੰ ਯਾਦ ਆਉਂਦਾ ਹੈ। ਕਿਉਂਕਿ ਮਾਤਾ ਦੇ ਗਰਭ ਵਿੱਚ ਤਾਂ ਅਪਾਰ ਦੁੱਖ ਹੁੰਦਾ ਹੈ। ਇਸ ਦੁੱਖ ਤੋਂ ਇਲਾਵਾ ਦੂਸਰਾ ਵੀ ਦੁੱਖ ਹੁੰਦਾ ਹੈ ਮੌਤ ਹੋਈ ਹੈ ਉਸਦਾ ਵੀ, ਇਹ ਦੋਵੇਂ ਦੁੱਖ ਹੁੰਦੇ ਹਨ। ਇਸ ਲਈ ਫਿਰ ਉਹ ਬੇਭਾਨ ਹੋ ਜਾਂਦਾ ਹੈ ਦੁੱਖ ਦੇ ਕਾਰਣ, ਇਸ ਲਈ ਯਾਦ ਨਹੀਂ ਰਹਿੰਦਾ।

## ਆਖ਼ਰੀ ਪਲ ਵਿੱਚ ਗੱਠੜੀਆਂ ਸਮੇਟ ਨਾ...

ਇੱਕ ਅੱਸੀ ਸਾਲ ਦੇ ਚਾਚਾ ਸਨ, ਉਹਨਾਂ ਨੂੰ ਹਸਪਤਾਲ ਵਿੱਚ ਭਰਤੀ ਕੀਤਾ ਸੀ। ਮੈਂ ਜਾਣਦਾ ਸੀ ਕਿ ਇਹ ਦੋ-ਚਾਰ ਦਿਨਾਂ ਵਿੱਚ ਜਾਣ ਵਾਲੇ ਹਨ

ਇੱਥੇ ਤੋਂ, ਫਿਰ ਵੀ ਮੈਨੂੰ ਕਹਿੰਦੇ ਹਨ ਕਿ 'ਉਹ ਚੰਦੂਲਾਲ ਤਾਂ ਸਾਨੂੰ ਇੱਥੇ ਮਿਲਣ ਵੀ ਨਹੀਂ ਆਉਂਦੇ।' ਅਸੀਂ ਦੱਸਿਆ ਕਿ 'ਚੰਦੂਲਾਲ ਤਾਂ ਆ ਗਏ।' ਤਾਂ ਕਹਿੰਦੇ ਕਿ 'ਉਸ ਨਗੀਨਦਾਸ ਦਾ ਕੀ?' ਬਿਸਤਰੇ ਵਿੱਚ ਪਏ-ਪਏ ਨੋਂਧ ਕਰਦੇ ਰਹਿੰਦੇ ਹਨ ਕਿ ਕੌਣ-ਕੌਣ ਮਿਲਣ ਆਉਂਦਾ ਹੈ। ਓਏ, ਆਪਣੇ ਸ਼ਰੀਰ ਦਾ ਧਿਆਨ ਰੱਖ ਨਾ! ਇਹ ਦੋ-ਚਾਰ ਦਿਨਾਂ ਵਿੱਚ ਤਾਂ ਜਾਣ ਵਾਲਾ ਹੈਂ। ਪਹਿਲਾਂ ਤੂੰ ਆਪਣੀਆਂ ਗੱਠੜੀਆਂ ਸੰਭਾਲ। ਤੇਰੀ ਇੱਥੇ ਤੋਂ ਲੈ ਜਾਣ ਵਾਲੀ ਗਠੜੀ ਤਾਂ ਜਮ੍ਹਾ ਕਰ। ਇਹ ਨਗੀਨਦਾਸ ਨਹੀਂ ਆਇਆ ਤਾਂ ਉਸਦਾ ਕੀ ਕਰਨਾ ਹੈ?

## ਬੁਖਾਰ ਆਇਆ ਅਤੇ ਟੱਪ..

ਬੁੱਢੇ ਚਾਚਾ ਬੀਮਾਰ ਹੋਣ ਅਤੇ ਤੁਸੀਂ ਡਾਕਟਰ ਨੂੰ ਬੁਲਾਇਆ ਹੋਵੇ, ਸਾਰਾ ਇਲਾਜ ਕਰਵਾਇਆ, ਫਿਰ ਵੀ ਚੱਲ ਵਸੇ। ਫਿਰ ਸ਼ੋਕ ਕਰਨ ਵਾਲੇ ਹੁੰਦੇ ਹਨ ਨਾ, ਉਹ ਆਸ਼ਵਾਸਨ (ਹੌਂਸਲਾ) ਦੇਣ ਆਉਂਦੇ ਹਨ। ਫਿਰ ਪੁੱਛਦੇ ਹਨ, 'ਕੀ ਹੋ ਗਿਆ ਸੀ ਚਾਚੇ ਨੂੰ?' ਤਾਂ ਤੁਸੀਂ ਕਹੋ ਕਿ ਅਸਲ ਵਿੱਚ ਮਲੇਰੀਆ ਵਰਗਾ ਲੱਗਦਾ ਸੀ, ਪਰ ਫਿਰ ਡਾਕਟਰ ਨੇ ਦੱਸਿਆ ਕਿ ਇਹ ਤਾਂ ਫ਼ਲੂ ਵਰਗਾ ਹੈ!' ਉਹ ਪੁੱਛਣਗੇ ਕਿ ਕਿਹੜੇ ਡਾਕਟਰ ਨੂੰ ਬੁਲਾਇਆ ਸੀ? ਤੁਸੀਂ ਕਹੋ ਕਿ ਫ਼ਲਾਣੇ ਨੂੰ। ਤਾਂ ਕਹਿਣਗੇ, 'ਤੈਨੂੰ ਅਕਲ ਨਹੀਂ ਹੈ। ਉਸ ਡਾਕਟਰ ਨੂੰ ਬੁਲਾਉਂਣਾ ਸੀ।' ਫਿਰ ਦੂਸਰਾ ਆ ਕੇ ਤੁਹਾਨੂੰ ਝਿੜਕੇਗਾ, 'ਏਦਾਂ ਕਰਨਾ ਚਾਹੀਦਾ ਹੈ! ਇਹੋ ਜਿਹੀ ਬੇਵਕੂਫ਼ੀ ਵਾਲੀ ਗੱਲ ਕਰਦੇ ਹੋ?' ਯਾਨੀ ਸਾਰਾ ਦਿਨ ਲੋਕ ਝਿੜਕਦੇ ਹੀ ਰਹਿੰਦੇ ਹਨ! ਇਸ ਲਈ ਇਹ ਲੋਕ ਤਾਂ ਉਲਟਾ ਚੜ ਬੈਠਦੇ ਹਨ, ਤੁਹਾਡੀ ਸਰਲਤਾ ਦਾ ਲਾਭ ਉਠਾਉਂਦੇ ਹਨ। ਇਸ ਲਈ ਮੈਂ ਤੁਹਾਨੂੰ ਸਮਝਾਉਂਦਾ ਹਾਂ ਕਿ ਲੋਕ ਜਦੋਂ ਦੂਸਰੇ ਦਿਨ ਪੁੱਛਣ ਆਉਣ ਤਾਂ ਤੁਹਾਨੂੰ ਕੀ ਕਹਿਣਾ ਚਾਹੀਦਾ ਹੈ ਕਿ ਭਾਈ, ਚਾਚੇ ਨੂੰ ਜ਼ਰਾ ਬੁਖਾਰ ਆਇਆ ਅਤੇ ਟੱਪ ਹੋ ਗਏ, ਹੋਰ ਕੁੱਝ ਹੋਇਆ ਹੀ ਨਹੀਂ।' ਸਾਹਮਣੇ ਵਾਲਾ ਜਿੰਨ੍ਹਾਂ ਪੁੱਛੇ ਉਨਾਂ ਹੀ ਜਵਾਬ। ਸਾਨੂੰ ਸਮਝ ਲੈਣਾਂ ਚਾਹੀਦਾ ਹੈ ਕਿ ਵਿਸਤਾਰ ਨਾਲ ਕਹਾਂਗੇ ਤਾਂ ਝੰਜਟ ਹੋਵੇਗੀ। ਉਸਦੇ ਬਜਾਏ ਤਾਂ, ਰਾਤ

ਨੂੰ ਬੁਖ਼ਾਰ ਆਇਆ ਅਤੇ ਸਵੇਰ ਨੂੰ ਟੱਪ ਹੋ ਗਏ, ਕਹੀਏ ਤਾਂ ਫਿਰ ਕੋਈ ਝੰਜਟ ਹੀ ਨਹੀਂ ਨਾ।

## ਸਵਜਨ ਦੀ ਆਖਰੀ ਸਮੇਂ ਵਿੱਚ ਦੇਖਭਾਲ

**ਪ੍ਰਸ਼ਨਕਰਤਾ :** ਕਿਸੇ ਸਵਜਨ ਦਾ ਆਖਰੀ ਸਮਾਂ ਨੇੜੇ ਆਇਆ ਹੋਵੇ ਤਾਂ ਉਸਦੇ ਪ੍ਰਤੀ ਆਸ-ਪਾਸ ਦੇ ਸਖੇ-ਸਬੰਧੀਆਂ ਦਾ ਵਰਤਾਓ ਕਿਹੋ ਜਿਹਾ ਹੋਣਾ ਚਾਹੀਦਾ ਹੈ?

**ਦਾਦਾਸ਼੍ਰੀ :** ਜਿੰਨ੍ਹਾਂ ਦਾ ਆਖਰੀ ਸਮਾਂ ਨੇੜੇ ਆਇਆ ਹੋਵੇ, ਉਸ ਨੂੰ ਤਾਂ ਬਹੁਤ ਚੰਗੀ ਤਰ੍ਹਾਂ ਸੰਭਾਲਣਾ ਚਾਹੀਦਾ ਹੈ। ਉਸ ਦਾ ਹਰ ਇੱਕ ਸ਼ਬਦ ਸੰਭਾਲਣਾ ਚਾਹੀਦਾ ਹੈ। ਉਸਨੂੰ ਨਰਾਜ ਨਹੀਂ ਕਰਨਾ ਚਾਹੀਦਾ। ਸੱਭ ਨੂੰ ਉਸ ਨੂੰ ਖੁਸ਼ ਰੱਖਣਾ ਚਾਹੀਦਾ ਹੈ ਅਤੇ ਉਹ ਉਲਟਾ ਬੋਲਣ ਤਾਂ ਵੀ ਤੁਹਾਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ 'ਤੁਹਾਡਾ ਸਹੀ ਹੈ!' ਉਹ ਕਹਿਣਗੇ, 'ਦੁੱਧ ਲਿਆਓ' ਤਾਂ ਤੁਰੰਤ ਦੁੱਧ ਲਿਆ ਕੇ ਦੇ ਦੇਣਾ। ਜੇ ਉਹ ਕਹਿਣ 'ਇਹ ਤਾਂ ਪਾਣੀ ਵਾਲਾ ਹੈ, ਦੂਸਰਾ ਲਿਆਓ!' ਤਾਂ ਤੁਰੰਤ ਦੂਸਰਾ ਦੁੱਧ ਗਰਮ ਕਰਕੇ ਲੈ ਆਉਣਾ। ਫਿਰ ਕਹਿਣ ਕਿ 'ਇਹ ਸ਼ੁੱਧ-ਚੰਗਾ ਹੈ।' ਪਰ ਉਸ ਨੂੰ ਅਨੁਕੂਲ ਰਹੇ ਏਦਾਂ ਕਰਨਾ ਚਾਹੀਦਾ ਹੈ, ਏਦਾਂ ਸਭ ਬੋਲਣਾਂ ਚਾਹੀਦਾ ਹੈ।

**ਪ੍ਰਸ਼ਨਕਰਤਾ :** ਅਰਥਾਤ ਉਸ ਵਿੱਚ ਖਰੇ-ਖੋਟੇ ਦਾ ਝੰਜਟ ਨਹੀਂ ਕਰਨਾ ਹੈ?

**ਦਾਦਾਸ਼੍ਰੀ :** ਇਹ ਖਰਾ-ਖੋਟਾ ਤਾਂ ਇਸ ਦੁਨੀਆਂ ਵਿੱਚ ਹੁੰਦਾ ਹੀ ਨਹੀਂ ਹੈ। ਉਹਨਾਂ ਨੂੰ ਪਸੰਦ ਆਇਆ ਕਿ ਬੱਸ, ਉਸਦੇ ਅਨੁਸਾਰ ਸਭ ਕਰਦੇ ਰਹੋ। ਉਹਨਾਂ ਨੂੰ ਅਨੁਕੂਲ ਰਹੇ ਉਸ ਤਰ੍ਹਾਂ ਨਾਲ ਵਰਤਾਓ ਕਰੋ। ਛੋਟੇ ਬੱਚੇ ਦੇ ਨਾਲ ਅਸੀਂ ਕਿਸ ਤਰ੍ਹਾਂ ਦਾ ਵਰਤਾਓ ਕਰਦੇ ਹਾਂ? ਬੱਚਾ ਕੱਚ ਦਾ ਗਿਲਾਸ ਤੋੜ ਦੇਵੇ ਤਾਂ ਅਸੀਂ ਉਸਨੂੰ ਝਿੜਕਦੇ ਹਾਂ? ਦੋ ਸਾਲ ਦਾ ਬੱਚਾ ਹੋਵੇ, ਉਸਨੂੰ ਕੁੱਝ ਕਹਿੰਦੇ ਹਾਂ ਕਿ ਕਿਉਂ ਤੋੜ ਦਿੱਤਾ ਜਾਂ ਐਸਾ-ਵੈਸਾ? ਬੱਚੇ ਦੇ ਨਾਲ ਵਿਹਾਰ ਕਰਦੇ ਹਾਂ, ਉਸੇ ਤਰ੍ਹਾਂ ਉਹਨਾਂ ਦੇ ਨਾਲ ਵਿਹਾਰ ਕਰਨਾ ਚਾਹੀਦਾ ਹੈ।

## ਆਖਰੀ ਪਲ ਵਿੱਚ ਧਰਮ ਧਿਆਨ

**ਪ੍ਰਸ਼ਨਕਰਤਾ :** ਆਖਰੀ ਘੰਟਿਆਂ ਵਿੱਚ ਅਮੁਕ ਲਾਮਾਵਾਂ ਨੂੰ ਕੁੱਝ ਵਿਸ਼ੇਸ਼ ਕਿਰਿਆਵਾਂ ਕਰਵਾਉਂਦੇ ਹਨ। ਜਦੋਂ ਮਨੁੱਖ ਮਰਨ ਦੇ ਨੇੜੇ ਹੁੰਦਾ ਹੈ, ਉਦੋਂ ਤਿੱਬਤੀ ਲਾਮਾਵਾਂ ਵਿੱਚ ਏਦਾਂ ਕਿਹਾ ਜਾਂਦਾ ਹੈ ਕਿ ਉਹ ਲੋਕ ਉਹਨਾਂ ਦੀ ਆਤਮਾ ਨੂੰ ਕਹਿੰਦੇ ਹਨ ਕਿ ਤੂੰ ਇਸ ਤਰ੍ਹਾਂ ਜਾ ਜਾਂ ਤਾਂ ਆਪਣੇ ਜੋ ਗੀਤਾ ਦਾ ਪਾਠ ਕਰਵਾਉਂਦੇ ਹਨ, ਜਾਂ ਕੁੱਝ ਚੰਗੇ ਸ਼ਬਦ ਉਸਨੂੰ ਸੁਣਾਉਂਦੇ ਹਨ। ਉਸ ਨਾਲ ਉਹਨਾਂ ਤੇ ਆਖਰੀ ਘੰਟਿਆਂ ਵਿੱਚ ਕੀ ਕੁੱਝ ਅਸਰ ਹੁੰਦਾ ਹੈ?

**ਦਾਦਾਸ਼੍ਰੀ :** ਕੁੱਝ ਨਹੀਂ ਹੁੰਦਾ। ਬਾਰਾਂ ਮਹੀਨੇ ਦੇ ਬਹੀਖਾਤੇ ਤੁਸੀਂ ਲਿਖਦੇ ਹੋ, ਤਾਂ ਧਨਤੇਰਸ ਵਿੱਚ ਤੁਸੀਂ ਬੜੀ ਮੁਸ਼ਕਿਲ ਨਾਲ ਨਫ਼ਾ ਕਰੋ ਅਤੇ ਘਾਟਾ ਕੱਢ ਦੇਵੋ ਤਾਂ ਚੱਲੇਗਾ?

**ਪ੍ਰਸ਼ਨਕਰਤਾ :** ਨਹੀਂ ਚੱਲੇਗਾ।

**ਦਾਦਾਸ਼੍ਰੀ :** ਏਦਾਂ ਕਿਉਂ?

**ਪ੍ਰਸ਼ਨਕਰਤਾ :** ਉਹ ਤਾਂ ਸਾਰੇ ਸਾਲ ਦਾ ਹੀ ਆਉਂਦਾ ਹੈ ਨਾ!

**ਦਾਦਾਸ਼੍ਰੀ :** ਉਸੇ ਤਰ੍ਹਾਂ ਇਹ ਸਾਰੀ ਜ਼ਿੰਦਗੀ ਦਾ ਲੇਖਾ-ਜੋਖਾ ਆਉਂਦਾ ਹੈ। ਇਹ ਤਾਂ, ਲੋਕ ਠੱਗਦੇ ਹਨ। ਲੋਕਾਂ ਨੂੰ ਮੂਰਖ ਬਣਾਉਂਦੇ ਹਨ।

**ਪ੍ਰਸ਼ਨਕਰਤਾ :** ਦਾਦਾ ਜੀ, ਮਨੁੱਖ ਦੀ ਆਖਰੀ ਅਵਸਥਾ ਹੋਵੇ, ਜਾਗ੍ਰਿਤ ਅਵਸਥਾ ਹੋਵੇ, ਹੁਣ ਉਸ ਸਮੇਂ ਕੋਈ ਉਸਨੂੰ ਗੀਤਾ ਦਾ ਪਾਠ ਸੁਣਾਏ ਜਾਂ ਕਿਸੇ ਦੂਸਰੇ ਸ਼ਾਸਤਰ ਦੀ ਗੱਲ ਸੁਣਾਵੇਂ, ਉਸਨੂੰ ਕੰਨਾਂ ਵਿੱਚ ਕੁੱਝ ਕਹੇ...

**ਦਾਦਾਸ਼੍ਰੀ :** ਉਹ ਖੁਦ ਕਹਿੰਦਾ ਹੋਵੇ ਤਾਂ, ਉਸਦੀ ਇੱਛਾ ਹੋਵੇ ਤਾਂ ਸੁਣਾਉਣਾ ਚਾਹੀਦਾ ਹੈ।

## ਮਰਸੀ ਕਿਲਿੰਗ

**ਪ੍ਰਸ਼ਨਕਰਤਾ :** ਜੋ ਭਾਰੀ ਪੀੜਾ ਸਹਿਨ ਕਰਦਾ ਹੋਵੇ ਉਸਨੂੰ ਸਹਿਨ ਦੇਈਏ ਅਤੇ ਜੇ ਉਸਨੂੰ ਮਾਰ ਦੇਈਏ ਤਾਂ ਫਿਰ ਉਸਦਾ ਅਗਲੇ ਜਨਮ ਵਿੱਚ

ਪੀੜ ਸਹਿਨ ਕਰਨਾ ਬਾਕੀ ਰਹੇਗਾ, ਇਹ ਗੱਲ ਠੀਕ ਨਹੀਂ ਲੱਗਦੀ। ਉਹ ਭਾਰੀ ਪੀੜਾ ਸਹਿਨ ਕਰਦਾ ਹੋਵੇ ਤਾਂ ਉਸਦਾ ਅੰਤ ਲਿਆਉਣਾ ਹੀ ਚਾਹੀਦਾ ਹੈ, ਉਸ ਵਿੱਚ ਗਲਤ ਕੀ ਹੈ?

**ਦਾਦਾਸ਼੍ਰੀ :** ਕਿਸੇ ਨੂੰ ਇਸ ਦਾ ਅਧਿਕਾਰ ਹੀ ਨਹੀਂ ਹੈ। ਸਾਨੂੰ ਇਲਾਜ਼ ਕਰਵਾਉਣ ਦਾ ਅਧਿਕਾਰ ਹੈ, ਸੇਵਾ ਕਰਨ ਦਾ ਅਧਿਕਾਰ ਹੈ, ਪਰ ਕਿਸੇ ਨੂੰ ਮਾਰਨ ਦਾ ਅਧਿਕਾਰ ਨਹੀਂ ਹੈ।

**ਪ੍ਰਸ਼ਨਕਰਤਾ :** ਤਾਂ ਉਸ ਵਿੱਚ ਸਾਡਾ ਕੀ ਭਲਾ ਹੋਇਆ?

**ਦਾਦਾਸ਼੍ਰੀ :** ਤਾਂ ਮਾਰਨ ਨਾਲ ਕੀ ਭਲਾ ਹੋਇਆ? ਤੁਸੀਂ ਉਸ ਪੀੜਾ ਗ੍ਰਸਤ ਨੂੰ ਮਾਰ ਦੇਵੋ ਤਾਂ ਤੁਹਾਡਾ ਮਨੁੱਖਪਨਾ ਚਲਾ ਜਾਵੇਗਾ ਅਤੇ ਉਹ ਤਰੀਕਾ ਮਾਨਵਤਾ ਦੇ ਸਿਧਾਂਤ ਤੋਂ ਬਾਹਰ ਹੈ, ਮਾਨਵਤਾ ਦੇ ਵਿਰੁੱਧ ਹੈ।

## ਸਾਥ, ਸਮਸ਼ਾਨ ਤੱਕ ਹੀ

ਇਹ ਤਕੀਆ (ਸਰਾਹ੍ਣਾਂ) ਹੁੰਦਾ ਹੈ, ਉਸਦਾ ਖੋਲ (ਕਵਰ) ਬਦਲਦਾ ਰਹਿੰਦਾ ਹੈ, ਪਰ ਸਰਾਹ੍ਣਾਂ ਤਾਂ ਉਹੀ ਦਾ ਉਹੀ। ਖੋਲ ਫ਼ੱਟ ਜਾਂਦਾ ਹੈ ਅਤੇ ਬਦਲਦਾ ਰਹਿੰਦਾ ਹੈ, ਉਸੇ ਤਰ੍ਹਾਂ ਇਹ ਖੋਲ ਵੀ ਬਦਲਦਾ ਰਹਿੰਦਾ ਹੈ।

ਬਾਕੀ ਇਹ ਜਗਤ ਸਾਰਾ ਪੋਲਮਪੋਲ ਹੈ। ਫਿਰ ਵੀ ਵਿਹਾਰ ਵਿੱਚ ਨਾ ਬੋਲੀਏ ਤਾਂ ਸਾਹਮਣੇ ਵਾਲੇ ਦੇ ਮਨ ਵਿੱਚ ਦੁੱਖ ਹੋਵੇਗਾ। ਪਰ ਸ਼ਮਸ਼ਾਨ ਵਿੱਚ ਨਾਲ ਜਾ ਕੇ ਉੱਥੇ ਚਿਤਾ ਵਿੱਚ ਕੋਈ ਗਿਰਿਆ ਨਹੀਂ। ਘਰ ਦੇ ਸਾਰੇ ਲੋਕ ਵਾਪਸ ਆਉਂਦੇ ਹਨ। ਸਾਰੇ ਸਿਆਣੇ-ਸਮਝਦਾਰ ਹਨ। ਉਸਦੀ ਮਾਂ ਹੋਵੇ, ਉਹ ਵੀ ਰੋਂਦੀ-ਰੋਂਦੀ ਵਾਪਸ ਆਉਂਦੀ ਹੈ।

**ਪ੍ਰਸ਼ਨਕਰਤਾ :** ਫਿਰ ਉਸਦੇ ਨਾਮ ਤੇ ਛਾਤੀ ਕੁੱਟਦੇ ਹਨ ਕਿ ਪਿੱਛੇ ਕੁੱਝ ਛੱਡ ਕੇ ਨਹੀਂ ਗਏ ਅਤੇ ਦੋ ਲੱਖ ਛੱਡ ਗਏ ਹੋਣ ਤਾਂ ਕੁੱਝ ਨਹੀਂ ਬੋਲਦੇ।

**ਦਾਦਾਸ਼੍ਰੀ :** ਹਾਂ, ਏਦਾਂ ਹੀ ਹੈ। ਇਹ ਤਾਂ ਨਹੀਂ ਛੱਡ ਕੇ ਗਿਆ ਉਸਦਾ ਹੀ ਰੋਣਾ ਹੈ। 'ਮਰਦਾ ਗਿਆ ਅਤੇ ਮਾਰਦਾ ਗਿਆ' ਏਦਾਂ ਵੀ ਅੰਦਰ ਬੋਲਦੇ

ਹਨ! 'ਕੁੱਝ ਛੱਡਿਆ ਨਹੀਂ ਅਤੇ ਸਾਨੂੰ ਮਾਰ ਗਿਆ!' ਹੁਣ ਉਹ ਨਹੀਂ ਛੱਡ ਕੇ ਗਿਆ, ਉਸ ਵਿੱਚ ਉਸ ਔਰਤ ਦਾ ਨਸੀਬ ਕੱਚਾ, ਇਸ ਲਈ ਨਹੀਂ ਛੱਡਿਆ। ਪਰ ਮਰਨ ਵਾਲੇ ਨੂੰ ਗਾਲ਼ਾਂ ਖਾਣੀਆਂ ਲਿਖਿਆ ਸੀ, ਇਸ ਲਈ ਖਾਧੀਆਂ ਨਾ! ਇੰਨੀਆਂ-ਇੰਨੀਆਂ ਸੁਣਾਉਂਦੇ ਹਨ!

ਸਾਡੇ ਲੋਕ ਜੋ ਸ਼ਮਸ਼ਾਨ ਜਾਂਦੇ ਹੋਣਗੇ, ਉਹ ਵਾਪਸ ਨਹੀਂ ਆਉਂਦੇ ਨਾ ਜਾਂ ਸਾਰੇ ਵਾਪਸ ਆਉਂਦੇ ਹਨ? ਅਰਥਾਤ ਇਹ ਤਾਂ ਇੱਕ ਤਰ੍ਹਾਂ ਦਾ ਫ਼ਜੀਤਾ ਹੈ। ਰੋਏ ਤਾਂ ਵੀ ਦੁੱਖ ਅਤੇ ਨਾ ਰੋਏ ਤਾਂ ਵੀ ਦੁੱਖ। ਬਹੁਤ ਰੋਏ, ਤਾਂ ਲੋਕ ਕਹਿਣਗੇ ਕਿ 'ਲੋਕਾਂ ਦੇ ਕੀ ਨਹੀਂ ਮਰਦੇ, ਜੋ ਇੰਨਾ ਰੋ ਰਹੇ ਹੋ? ਕਿਹੋ ਜਿਹੇ ਘਣਚੱਕਰ ਹੋ?' ਜੇ ਨਾ ਰੋਏ ਤਾਂ ਕਹਿਣਗੇ ਕਿ ਤੁਸੀਂ ਤਾਂ ਪੱਥਰ ਵਰਗੇ ਹੋ, ਤੁਹਾਡਾ ਹਿਰਦਾ ਪੱਥਰ ਵਰਗਾ ਹੈ!' ਅਰਥਾਤ ਕਿਸ ਪਾਸੇ ਜਾਣਾ ਇਹੀ ਸਮੱਸਿਆ ਹੈ! ਸਭ ਰੀਤ ਅਨੁਸਾਰ ਹੋਣਾ ਚਾਹੀਦਾ ਹੈ, ਏਦਾਂ ਕਹਿਣਗੇ।

ਉੱਥੇ ਸ਼ਮਸ਼ਾਨ ਵਿੱਚ ਜਲਾਉਂਣਗੇ ਵੀ ਅਤੇ ਨਾਲ ਹੀ ਨੇੜੇ ਦੇ ਹੋਟਲ ਵਿੱਚ ਬੈਠ ਕੇ ਚਾਹ-ਨਾਸ਼ਤਾ ਵੀ ਕਰਨਗੇ, ਏਦਾਂ ਨਾਸ਼ਤਾ ਕਰਦੇ ਹਨ ਨਾ ਲੋਕ?

**ਪ੍ਰਸ਼ਨਕਰਤਾ :** ਨਾਸ਼ਤਾ ਲੈ ਕੇ ਹੀ ਜਾਂਦੇ ਹਨ ਨਾ!

**ਦਾਦਾਸ਼੍ਰੀ :** ਅੱਛਾ! ਕੀ ਗੱਲ ਕਰਦੇ ਹੋ? ਇਸ ਲਈ, ਏਦਾਂ ਦਾ ਹੈ ਇਹ ਜਗਤ ਤਾਂ ਸਾਰਾ! ਇਹੋ ਜਿਹੇ ਜਗਤ ਵਿੱਚ ਕਿਸ ਤਰ੍ਹਾਂ ਰਾਸ ਆਵੇ?

'ਆਉਣ-ਜਾਣ' ਦਾ ਸਬੰਧ ਰੱਖਦੇ ਹਨ, ਪਰ ਸਿਰ ਤੇ ਨਹੀਂ ਲੈਂਦੇ। ਤੁਸੀਂ ਲੈਂਦੇ ਹੋ ਸਿਰ ਤੇ ਹੁਣ? ਸਿਰ ਤੇ ਲੈਂਦੇ ਹੋ? ਪਤਨੀ ਦਾ ਜਾਂ ਹੋਰ ਕਿਸੇ ਦਾ ਵੀ ਨਹੀਂ?

**ਪ੍ਰਸ਼ਨਕਰਤਾ :** ਨਹੀਂ।

**ਦਾਦਾਸ਼੍ਰੀ :** ਕੀ ਗੱਲ ਕਰਦੇ ਹੋ?! ਓਏ, ਉਹ ਤਾਂ ਪਤਨੀ ਨੂੰ ਜੱਫੀ ਪਾ ਕੇ ਨਾਲ ਬਿਠਾਉਂਦੇ ਰਹਿੰਦੇ ਹਨ। ਕਹਿਣਗੇ ਕਿ ਤੇਰੇ ਬਿਨਾਂ ਮੈਨੂੰ ਚੰਗਾ ਨਹੀਂ

ਲੱਗਦਾ। ਪਰ ਸ਼ਮਸ਼ਾਨ ਵਿੱਚ ਕੋਈ ਨਾਲ ਆਉਂਦਾ ਨਹੀਂ। ਆਉਂਦਾ ਹੈ ਕੋਈ?

## ਮੌਤ ਦੀ ਤਾਰੀਖ ਦੇ ਸਮੇਂ

**ਪ੍ਰਸ਼ਨਕਰਤਾ :** ਪਰਿਵਾਰ ਵਿੱਚ ਕਿਸੇ ਦੀ ਤਾਰੀਖ ਆਵੇ, ਤਾਂ ਉਸ ਦਿਨ ਪਰਿਵਾਰਕ ਮੈਂਬਰ ਨੂੰ ਕੀ ਕਰਨਾ ਚਾਹੀਦਾ ਹੈ?

**ਦਾਦਾਸ਼੍ਰੀ :** ਭਗਵਾਨ ਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਉਸਦਾ ਭਲਾ ਹੋਵੇ।

## ਫਿਰ ਟਿਕਾਣਾਂ ਮਿਲਦਾ ਨਹੀਂ

**ਪ੍ਰਸ਼ਨਕਰਤਾ :** ਕਿਸੇ ਦਾ ਅਵਸਾਨ ਹੋਵੇ (ਮੌਤ ਹੋ ਗਈ ਹੋਵੇ), ਤਾਂ ਅਸੀਂ ਜਾਣਨਾਂ ਹੋਵੇ ਕਿ ਉਹ ਵਿਅਕਤੀ ਹੁਣ ਕਿੱਥੇ ਹੈ, ਤਾਂ ਉਹ ਕਿਵੇਂ ਪਤਾ ਚੱਲੇਗਾ?

**ਦਾਦਾਸ਼੍ਰੀ :** ਉਹ ਤਾਂ ਅਮੁਕ ਗਿਆਨ ਤੋਂ ਬਿਨਾਂ ਦਿਖਦਾ ਨਹੀਂ ਹੈ ਨਾ! ਅਮੁਕ ਗਿਆਨ ਚਾਹੀਦਾ ਹੈ ਉਸਦੇ ਲਈ ਅਤੇ ਜਾਣ ਕੇ ਵੀ ਉਸਦਾ ਕੋਈ ਅਰਥ ਨਹੀਂ ਹੈ। ਪਰ ਅਸੀਂ ਭਾਵਨਾ ਕਰੀਏ ਤਾਂ ਪਹੁੰਚਦੀ ਜ਼ਰੂਰ ਹੈ। ਅਸੀਂ ਯਾਦ ਕਰੀਏ, ਭਾਵਨਾ ਕਰੀਏ ਤਾਂ ਪਹੁੰਚਦੀ ਹੈ। ਉਹ ਤਾਂ, ਗਿਆਨ ਤੋਂ ਬਿਨਾਂ ਦੂਸਰਾ ਕੁੱਝ ਪਤਾ ਨਹੀਂ ਚੱਲਦਾ ਨਾ!

ਤੂੰ ਕਿਸੇ ਵਿਅਕਤੀ ਦਾ ਪਤਾ ਲਗਾਉਂਣਾ ਹੈ? ਕੋਈ ਗਿਆ ਹੈ ਤੇਰਾ ਸਗਾ-ਸਬੰਧੀ?

**ਪ੍ਰਸ਼ਨਕਰਤਾ :** ਮੇਰਾ ਸਗਾ ਭਰਾ ਹੀ ਹੁਣੇ ਐਕਸਪਾਇਰ ਹੋ ਗਿਆ?

**ਦਾਦਾਸ਼੍ਰੀ :** ਤਾਂ ਉਹ ਤੈਨੂੰ ਯਾਦ ਨਹੀਂ ਕਰਦਾ ਅਤੇ ਤੂੰ ਯਾਦ ਕਰਦਾ ਰਹਿੰਦਾ ਹੈਂ? ਇਹ ਐਕਸਪਾਇਰ ਹੋਣਾ, ਉਸਦਾ ਮਤਲਬ ਕੀ ਹੈ, ਸਮਝਦਾ ਹੈਂ? ਬਹੀਖਾਤੇ ਦਾ ਹਿਸਾਬ ਪੂਰਾ ਹੋਣਾ, ਇਹ ਹੈ। ਇਸ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਸਾਨੂੰ ਬਹੁਤ ਯਾਦ ਆਵੇ ਉਹ, ਤਾਂ ਵੀਤਰਾਗ ਭਗਵਾਨ

ਨੂੰ ਕਹਿਣਾ ਕਿ ਉਸਨੂੰ ਸ਼ਾਂਤੀ ਦਿਓ। ਯਾਦ ਆਉਂਦਾ ਹੈ, ਇਸ ਲਈ ਉਸਨੂੰ ਸ਼ਾਂਤੀ ਮਿਲੇ ਏਦਾਂ ਕਹਿਣਾ। ਦੂਸਰਾ ਸਾਡੇ ਤੋਂ ਕੀ ਹੋ ਸਕਦਾ ਹੈ?

## ਅੱਲਾਹ ਦੀ ਅਮਾਨਤ

ਤੁਹਾਨੂੰ ਜੋ ਕੁੱਝ ਪੁੱਛਣਾ ਹੋਵੇ ਪੁੱਛੋ। ਅੱਲਾਹ ਦੇ ਉੱਥੇ ਪਹੁੰਚਣ ਵਿੱਚ ਜੋ ਅੜਚਨਾਂ ਆਉਂਦੀਆਂ ਹੋਣ, ਉਹ ਸਾਨੂੰ ਪੁੱਛੋ, ਉਹ ਅਸੀਂ ਦੂਰ ਕਰ ਦੇਵਾਂਗੇ।

**ਪ੍ਰਸ਼ਨਕਰਤਾ :** ਮੇਰੇ ਬੇਟੇ ਦੀ ਦੁਰਘਟਨਾ ਵਿੱਚ ਮੌਤ ਹੋਈ ਹੈ, ਤਾਂ ਉਸ ਦੁਰਘਟਨਾ ਦਾ ਕਾਰਣ ਕੀ ਹੋਵੇਗਾ?

**ਦਾਦਾਸ਼੍ਰੀ :** ਇਸ ਸੰਸਾਰ ਵਿੱਚ ਜੋ ਸਭ ਅੱਖਾਂ ਨਾਲ ਦਿਖਾਈ ਦਿੰਦਾ ਹੈ, ਕੰਨਾਂ ਤੋਂ ਸੁਣਨ ਵਿੱਚ ਆਉਂਦਾ ਹੈ, ਉਹ ਸਭ 'ਰਿਲੇਟਿਵ ਕਰੈਕਟ' (ਵਿਹਾਰਿਕ ਸਚ) ਹੈ... ਬਿਲਕੁਲ ਸੱਚ ਨਹੀਂ ਹੈ ਉਹ ਗੱਲ! ਇਹ ਸ਼ਰੀਰ ਵੀ ਸਾਡਾ ਨਹੀਂ ਹੈ, ਤਾਂ ਬੇਟਾ ਸਾਡਾ ਕਿਵੇਂ ਹੋ ਸਕਦਾ ਹੈ? ਇਹ ਤਾਂ ਵਿਹਾਰ ਨਾਲ, ਲੋਕ-ਵਿਹਾਰ ਨਾਲ ਆਪਣਾ ਬੇਟਾ ਮੰਨਿਆ ਜਾਂਦਾ ਹੈ, ਅਸਲ ਵਿੱਚ ਉਹ ਆਪਣਾ ਬੇਟਾ ਹੁੰਦਾ ਨਹੀਂ ਹੈ। ਅਸਲ ਵਿੱਚ ਤਾਂ ਇਹ ਸ਼ਰੀਰ ਵੀ ਸਾਡਾ ਨਹੀਂ ਹੈ। ਇਸ ਲਈ, ਜੋ ਸਾਡੇ ਕੋਲ ਰਹੇ ਉਨਾਂ ਹੀ ਆਪਣਾ ਅਤੇ ਦੂਸਰਾ ਸਭ ਪਰਾਇਆ! ਇਸ ਲਈ ਬੇਟੇ ਨੂੰ ਆਪਣਾ ਬੇਟਾ ਮੰਨਦੇ ਰਹੇ, ਤਾਂ ਉਪਾਧੀ ਹੋਵੇਗੀ ਅਤੇ ਅਸ਼ਾਂਤੀ ਰਹੇਗੀ! ਉਹ ਬੇਟਾ ਹੁਣ ਗਿਆ, ਖੁਦਾ ਦੀ ਇਹੀ ਮਰਜ਼ੀ ਹੈ, ਤਾਂ ਉਸਨੂੰ ਹੁਣ 'ਲੇਟ ਗੋ' ਕਰੋ।

**ਪ੍ਰਸ਼ਨਕਰਤਾ :** ਉਹ ਤਾਂ ਠੀਕ ਹੈ, ਅੱਲਾਹ ਦੀ ਅਮਾਨਤ ਆਪਣੇ ਕੋਲ ਸੀ, ਉਹ ਲੈ ਲਈ!

**ਦਾਦਾਸ਼੍ਰੀ :** ਹਾਂ, ਬੱਸ। ਇਹ ਸਾਰਾ ਬਾਗ਼ ਹੀ ਅੱਲਾਹ ਦਾ ਹੈ।

**ਪ੍ਰਸ਼ਨਕਰਤਾ :** ਇਸ ਤਰ੍ਹਾਂ ਜੋ ਉਸਦੀ ਮੌਤ ਹੋਈ, ਉਹ ਆਪਣੇ ਕੁਕਰਮ ਹੋਣਗੇ?

**ਦਾਦਾਸ਼੍ਰੀ :** ਹਾਂ, ਲੜਕੇ ਦੇ ਵੀ ਕੁਕਰਮ ਅਤੇ ਤੁਹਾਡੇ ਵੀ ਕੁਕਰਮ, ਚੰਗੇ ਕਰਮ ਹੋਣ ਤਾਂ ਉਸਦਾ ਬਦਲਾ ਚੰਗਾ ਮਿਲਦਾ ਹੈ।

# ਪਹੁੰਚਣ ਸਿਰਫ਼ ਭਾਵ ਦੇ ਸਪੰਦਨ

ਬੱਚੇ ਮਰ ਗਏ ਫਿਰ, ਉਹਨਾਂ ਦੇ ਪਿੱਛੋਂ ਉਹਨਾਂ ਦੀ ਚਿੰਤਾ ਕਰਨ ਨਾਲ ਉਹਨਾਂ ਨੂੰ ਦੁੱਖ ਹੁੰਦਾ ਹੈ। ਆਪਣੇ ਲੋਕ ਅਗਿਆਨਤਾ ਦੇ ਕਾਰਣ ਏਦਾਂ ਸਭ ਕਰਦੇ ਹਨ। ਇਸ ਲਈ ਤੁਹਾਨੂੰ, ਜਿਵੇਂ ਹੈ ਉਦਾਂ ਸਮਝ ਕੇ, ਸ਼ਾਂਤੀਪੂਰਵਕ ਰਹਿਣਾ ਚਾਹੀਦਾ ਹੈ। ਬੇਕਾਰ ਸਿਰ-ਖਪਾਈ ਕਰੀਏ ਉਸਦਾ ਕੀ ਅਰਥ ਹੈ? ਸਭ ਜਗ੍ਹਾ, ਕੋਈ ਇਹੋ ਜਿਹੇ ਹੈਂ ਹੀ ਨਹੀਂ ਕਿ ਜਿਹਨਾਂ ਦੇ ਬੱਚੇ ਮਰੇ ਨਾ ਹੋਣ! ਇਹ ਤਾਂ ਸੰਸਾਰਿਕ ਰਿਣਾਨੁਬੰਧ ਹਨ, ਹਿਸਾਬ ਲੈਣ-ਦੇਣ ਦੇ ਹਨ। ਸਾਡੇ ਵੀ ਬੇਟਾ-ਬੇਟੀ ਸਨ, ਪਰ ਉਹ ਮਰ ਗਏ। ਮਹਿਮਾਨ ਆਇਆ ਸੀ, ਉਹ ਮਹਿਮਾਨ ਚਲਾ ਗਿਆ। ਉਹ ਆਪਣਾ ਸਮਾਨ ਹੀ ਕਿੱਥੇ ਹੈ? ਅਸੀਂ ਵੀ ਕੀ ਜਾਣਾ ਨਹੀਂ? ਅਸੀਂ ਵੀ ਜਾਣਾ ਹੈ ਉੱਥੇ, ਫਿਰ ਇਹ ਕੀ ਤੂਫ਼ਾਨ? ਇਸ ਲਈ ਜੋ ਜੀਵਤ ਹਨ, ਉਹਨਾਂ ਨੂੰ ਸ਼ਾਂਤੀ ਦਿਓ। ਗਿਆ ਉਹ ਤਾਂ ਗਿਆ, ਉਸਨੂੰ ਯਾਦ ਕਰਨਾ ਛੱਡ ਦਿਓ। ਇੱਥੇ ਜੀਵਤ ਹੋਣ, ਜਿੰਨੇ ਆਸ਼ਰਿਤ ਹੋਣ ਉਹਨਾਂ ਨੂੰ ਸ਼ਾਂਤੀ ਦਿਓ, ਉਨਾਂ ਤੁਹਾਡਾ ਫ਼ਰਜ਼ ਹੈ। ਇਹ ਤਾਂ ਗਏ ਹੋਇਆਂ ਨੂੰ ਯਾਦ ਕਰਦੇ ਹਨ ਅਤੇ ਇਹਨਾਂ ਨੂੰ ਸ਼ਾਂਤੀ ਨਹੀਂ ਦੇ ਸਕਦੇ। ਇਹ ਕਿਹੋ ਜਿਹਾ? ਸੋ: ਫ਼ਰਜ ਚੁੱਕ ਜਾਂਦੇ ਹੋ ਸਾਰੇ। ਕੀ ਤੁਹਾਨੂੰ ਏਦਾਂ ਲੱਗਦਾ ਹੈ? ਗਿਆ ਉਹ ਤਾਂ ਗਿਆ। ਜੇਬ ਵਿੱਚੋਂ ਲੱਖ ਰੁਪਏ ਡਿੱਗ ਗਏ ਅਤੇ ਵਾਪਸ ਨਹੀਂ ਮਿਲੇ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ? ਸਿਰ ਫੋੜਨਾ ਚਾਹੀਦਾ ਹੈ?

ਆਪਣੇ ਹੱਥ ਦਾ ਖੇਲ ਨਹੀਂ ਹੈ ਇਹ, ਅਤੇ ਉਸ ਵਿਚਾਰੇ ਨੂੰ ਉੱਥੇ ਦੁੱਖ ਹੁੰਦਾ ਹੈ। ਅਸੀਂ ਇੱਥੇ ਦੁੱਖੀ ਹੁੰਦੇ ਹਾਂ, ਉਸਦਾ ਅਸਰ ਉਸਨੂੰ ਉੱਥੇ ਪਹੁੰਚਦਾ ਹੈ। ਤਾਂ ਉਸਨੂੰ ਵੀ ਸੁਖੀ ਹੋਣ ਨਹੀਂ ਦਿੰਦੇ ਅਤੇ ਆਪ ਵੀ ਸੁਖੀ ਨਹੀਂ ਹੁੰਦੇ। ਇਸ ਲਈ ਸ਼ਾਸਤਰਕਾਰਾਂ ਨੇ ਕਿਹਾ ਹੈ ਕਿ 'ਜਾਣ ਤੋਂ ਬਾਅਦ ਉਪਾਧੀ ਨਾ ਕਰਨਾ।' ਇਸ ਲਈ ਸਾਡੇ ਲੋਕਾਂ ਨੇ ਕੀ ਕੀਤਾ ਕਿ 'ਗਰੂੜ ਪੁਰਾਣ ਬਿਠਾਓ, ਫਲਾਣਾਂ ਬਿਠਾਓ, ਪੂਜਾ ਕਰੋ ਅਤੇ ਮਨ ਵਿੱਚੋਂ ਕੱਢ ਦੇਵੋ।' ਤੁਸੀਂ ਏਦਾਂ ਕੁੱਝ ਬਿਠਾਇਆ ਸੀ? ਫਿਰ ਵੀ ਭੁੱਲ ਗਏ, ਨਹੀਂ?

**ਪ੍ਰਸ਼ਨਕਰਤਾ :** ਪਰ ਉਹ ਭੁਲਾਇਆ ਨਹੀਂ ਜਾਂਦਾ। ਬਾਪ-ਬੇਟੇ ਦੇ ਵਿੱਚ ਵਿਹਾਰ ਇੰਨਾ ਵਧੀਆ ਚੱਲ ਰਿਹਾ ਸੀ। ਇਸ ਲਈ ਉਹ ਭੁਲਾਇਆ ਜਾਵੇ ਏਦਾਂ ਨਹੀਂ ਹੈ।

**ਦਾਦਾਸ਼੍ਰੀ :** ਹਾਂ, ਭੁੱਲ ਸਕੀਏ ਏਦਾਂ ਨਹੀਂ ਹੈ, ਪਰ ਅਸੀਂ ਨਾ ਭੁੱਲੀਏ ਤਾਂ ਉਸਦਾ ਸਾਨੂੰ ਦੁੱਖ ਹੁੰਦਾ ਹੈ ਅਤੇ ਉਸਨੂੰ ਉੱਥੇ ਦੁੱਖ ਹੁੰਦਾ ਹੈ। ਇਸ ਤਰ੍ਹਾਂ ਆਪਣੇ ਮਨ ਵਿੱਚ ਉਸਦੇ ਲਈ ਦੁੱਖ ਮਨਾਉਣਾ, ਉਹ ਪਿਤਾ ਦੇ ਤੌਰ ਤੇ ਆਪਣੇ ਲਈ ਕੰਮ ਦਾ ਨਹੀਂ ਹੈ।

**ਪ੍ਰਸ਼ਨਕਰਤਾ :** ਉਸਨੂੰ ਕਿਸ ਤਰ੍ਹਾਂ ਦੁੱਖ ਹੁੰਦਾ ਹੈ?

**ਦਾਦਾਸ਼੍ਰੀ :** ਅਸੀਂ ਇੱਥੇ ਦੁਖੀ ਹੋਈਏ, ਉਸਦਾ ਅਸਰ ਉੱਥੇ ਪਹੁੰਚੇ ਬਗੈਰ ਰਹਿੰਦਾ ਨਹੀਂ। ਇਸ ਜਗਤ ਵਿੱਚ ਤਾਂ ਸਭ ਫ਼ੋਨ ਵਰਗਾ ਹੈ, ਟੈਲੀਵਿਜ਼ਨ ਵਰਗਾ ਹੈ ਇਹ ਸੰਸਾਰ! ਅਸੀਂ ਇੱਥੇ ਉਪਾਧੀ ਕਰੀਏ ਤਾਂ ਕੀ ਉਹ ਵਾਪਸ ਆਉਣ ਵਾਲਾ ਹੈ?

**ਪ੍ਰਸ਼ਨਕਰਤਾ :** ਨਾ।

**ਦਾਦਾਸ਼੍ਰੀ :** ਕਿਸੇ ਵੀ ਰਸਤੇ ਆਉਣ ਵਾਲਾ ਨਹੀਂ ਹੈ?

**ਪ੍ਰਸ਼ਨਕਰਤਾ :** ਨਾ!

**ਦਾਦਾਸ਼੍ਰੀ :** ਤਾਂ ਫਿਰ ਉਪਾਧੀ ਕਰੀਏ, ਤਾਂ ਉਸਨੂੰ ਪਹੁੰਚਦੀ ਹੈ ਅਤੇ ਉਸਦੇ ਨਾਮ ਤੇ ਅਸੀਂ ਧਰਮ-ਭਗਤੀ ਕਰੀਏ, ਤਾਂ ਵੀ ਉਸਨੂੰ ਸਾਡੀ ਭਾਵਨਾ ਪਹੁੰਚਦੀ ਹੈ ਅਤੇ ਉਸਨੂੰ ਸ਼ਾਂਤੀ ਹੁੰਦੀ ਹੈ। ਉਸਨੂੰ ਸ਼ਾਂਤੀ ਪਹੁੰਚਾਉਣ ਦੀ ਗੱਲ ਤੁਹਾਨੂੰ ਕਿਵੇਂ ਲੱਗਦੀ ਹੈ? ਉਸਨੂੰ ਸ਼ਾਂਤੀ ਮਿਲੇ ਇਹ ਤੁਹਾਡਾ ਫ਼ਰਜ਼ ਹੈ ਨਾਂ? ਇਸ ਲਈ ਇਹੋ ਜਿਹਾ ਕੁੱਝ ਕਰੋ ਨਾ ਕਿ ਉਸਨੂੰ ਚੰਗਾ ਲੱਗੇ। ਇੱਕ ਦਿਨ ਸਕੂਲ ਦੇ ਬੱਚਿਆਂ ਨੂੰ ਜ਼ਰਾ ਪੇੜੇ ਖਿਲਾਓ, ਇਹੋ ਜਿਹਾ ਕੁੱਝ ਕਰੋ।

ਇਸ ਲਈ ਜਦੋਂ ਤੁਹਾਨੂੰ ਬੇਟੇ ਦੀ ਯਾਦ ਆਵੇ, ਉਦੋਂ ਉਸਦੀ ਆਤਮਾ ਦਾ ਕਲਿਆਣ ਹੋਵੇ ਏਦਾਂ ਬੋਲਣਾ। 'ਕਿਰਪਾਲੂਦੇਵ' ਦਾ ਨਾਮ ਲਵੋਗੇ, 'ਦਾਦਾ ਭਗਵਾਨ' ਕਹੋਗੇ ਤਾਂ ਵੀ ਕੰਮ ਹੋਵੇਗਾ। ਕਿਉਂਕਿ 'ਦਾਦਾ ਭਗਵਾਨ' ਅਤੇ

'ਕਿਰਪਾਲੂਦੇਵ' ਆਤਮ ਸਵਰੂਪ ਵਿੱਚ ਇੱਕ ਹੀ ਹਨ। ਦੇਹ ਤੋਂ ਅਲੱਗ ਦਿਖਦੇ ਹਨ, ਅੱਖਾਂ ਤੋਂ ਅਲੱਗ ਦਿਖਦੇ ਹਨ, ਪਰ ਅਸਲ ਵਿੱਚ ਇੱਕ ਹੀ ਹਨ। ਯਾਨੀ ਮਹਾਂਵੀਰ ਭਗਵਾਨ ਦਾ ਨਾਮ ਲਵੋਗੇ ਤਾਂ ਵੀ ਇੱਕ ਹੀ ਗੱਲ ਹੈ। ਉਸਦੀ ਆਤਮਾ ਦਾ ਕਲਿਆਣ ਹੋਵੇ ਉਨੀ ਹੀ ਅਸੀਂ ਨਿਰੰਤਰ ਭਾਵਨਾ ਕਰਨੀ ਹੈ। ਅਸੀਂ ਉਸਦੇ ਨਾਲ ਨਿਰੰਤਰ ਰਹੇ, ਨਾਲ ਖਾਧਾ-ਪੀਤਾ, ਇਸ ਲਈ ਉਸਦਾ ਕਲਿਆਣ ਕਿਵੇਂ ਹੋਵੇ ਇਹੋ ਜਿਹੀ ਭਾਵਨਾ ਕਰਨੀ ਚਾਹੀਦੀ ਹੈ। ਅਸੀਂ ਪਰਾਇਆਂ ਦੇ ਲਈ ਚੰਗੀ ਭਾਵਨਾ ਕਰਦੇ ਹਾਂ, ਤਾਂ ਇਹ ਤਾਂ ਆਪਣੇ ਸੱਜਣਾ ਦੇ ਲਈ ਕੀ ਨਾ ਕਰੀਏ?

## ਰੋਂਦੇ ਹਨ, ਖੁਦ ਦੇ ਲਈ ਜਾਂ ਜਾਣ ਵਾਲੇ ਦੇ ਲਈ?

**ਪ੍ਰਸ਼ਨਕਰਤਾ :** ਸਾਡੇ ਲੋਕਾਂ ਨੂੰ ਪੂਰਵ ਜਨਮ ਦੀ ਸਮਝ ਹੈ, ਫਿਰ ਵੀ ਘਰ ਵਿੱਚ ਕੋਈ ਮਰ ਜਾਵੇ, ਉਸ ਸਮੇਂ ਆਪਣੇ ਲੋਕ ਰੋਂਦੇ ਕਿਉਂ ਹਨ?

**ਦਾਦਾਸ਼੍ਰੀ :** ਉਹ ਤਾਂ ਆਪਣੇ-ਆਪਣੇ ਸਵਾਰਥ ਦੇ ਲਈ ਰੋਂਦੇ ਹਨ। ਬਹੁਤ ਨੇੜੇ ਦਾ ਰਿਸ਼ਤੇਦਾਰ ਹੋਵੇ, ਤਾਂ ਉਹ ਸੱਚੇ ਰੋਂਦੇ ਹਨ, ਪਰ ਦੂਸਰੇ ਸੱਭ ਜੋ ਸੱਚੇ ਰੋਂਦੇ ਹਨ ਨਾ, ਉਹ ਤਾਂ ਆਪਣੇ ਰਿਸ਼ਤੇਦਾਰਾਂ ਨੂੰ ਯਾਦ ਕਰਕੇ ਰੋਂਦੇ ਹਨ। ਇਹ ਵੀ ਅਜੂਬਾ ਹੈ ਨਾ! ਇਹ ਲੋਕ ਭੂਤਕਾਲ ਨੂੰ ਵਰਤਮਾਨਕਾਲ ਵਿੱਚ ਲਿਆਉਂਦੇ ਹਨ। ਇਹ ਭਾਰਤੀਯ ਵੀ ਧੰਨ ਹਨ ਨਾ! ਭੂਤਕਾਲ ਨੂੰ ਵਰਤਮਾਨਕਾਲ ਵਿੱਚ ਲਿਆਉਂਦੇ ਹਨ ਅਤੇ ਉਹ ਪ੍ਰਯੋਗ ਸਾਨੂੰ ਦਿਖਾਉਂਦੇ ਹਨ!

## ਪਰਿਣਾਮ ਕਲਪਾਂਤ ਦੇ

ਇਹ ਇੱਕ ਕਲਪਾਂਤ ਕੀਤਾ ਤਾਂ 'ਕਲਪ' ਦੇ ਅੰਤ ਤੱਕ ਭਟਕਣ ਦਾ ਹੋ ਜਾਂਦਾ ਹੈ, ਇੱਕ ਪੂਰੇ ਕਲਪ ਦੇ ਅੰਤ ਤੱਕ ਭਟਕਣ ਦਾ ਹੋਇਆ ਇਹ।

## ਉਹ 'ਲੀਕੇਜ' ਨਹੀਂ ਕਰਦੇ

**ਪ੍ਰਸ਼ਨਕਰਤਾ :** ਨਰਸਿੰਘ ਮੇਹਤਾ ਨੇ, ਉਹਨਾਂ ਦੀ ਪਤਨੀ ਦੀ ਮੌਤ ਹੋਈ ਤਾਂ 'ਭਲੂ ਥਈਯੂ ਭਾਂਗੀ ਜੰਜਾਲ' (ਭਲਾ ਹੋਇਆ ਛੁੱਟਿਆ ਜੰਜਾਲ਼) ਬੋਲ ਉੱਠੇ, ਤਾਂ ਉਹ ਕੀ ਕਹਾਵੇਗਾ?

**ਦਾਦਾਸ਼੍ਰੀ :** ਪਰ ਉਹ ਬਾਵਲੇ ਹੋ ਕੇ ਬੋਲ ਉੱਠੇ ਕਿ 'ਭਲੂ ਥਈਯੂ ਭਾਂਗੀ ਜੰਜਾਲ' (ਭਲਾ ਹੋਇਆ ਛੁੱਟਿਆ ਜੰਜਾਲ਼)। ਇਹ ਗੱਲ ਮਨ ਵਿੱਚ ਰੱਖਣੀ ਹੁੰਦੀ ਹੈ ਕਿ 'ਜੰਜਾਲ ਛੁੱਟ ਗਿਆ।' ਮਨ ਵਿੱਚੋਂ 'ਲੀਕੇਜ' ਨਹੀਂ ਹੋਣਾ ਚਾਹੀਦਾ। ਪਰ ਇਹ ਤਾਂ ਮਨ ਵਿੱਚੋਂ 'ਲੀਕੇਜ' ਹੋ ਕੇ ਬਾਹਰ ਨਿੱਕਲ ਗਿਆ। ਮਨ ਵਿੱਚ ਰੱਖਣ ਦੀ ਚੀਜ਼ ਜ਼ਾਹਿਰ ਕਰ ਦੇਵੇ, ਤਾਂ ਉਹ ਬਾਵਲੇ (ਬਾਵਰਾ) ਮਨੁੱਖ ਕਹਾਉਂਦੇ ਹਨ।

## ਗਿਆਨੀ ਹੁੰਦੇ ਹਨ ਬਹੁਤ ਵਿਵੇਕੀ

'ਗਿਆਨੀ' ਬਾਵਲੇ ਨਹੀਂ ਹੁੰਦੇ। ਗਿਆਨੀ ਬਹੁਤ ਸਮਝਦਾਰ ਹੁੰਦੇ ਹਨ। ਮਨ ਵਿੱਚ ਸੱਭ ਕੁੱਝ ਹੁੰਦਾ ਹੈ ਕਿ 'ਭਲਾ ਹੋਇਆ ਛੁੱਟਿਆ ਜੰਜਾਲ' ਪਰ ਬਾਹਰ ਕੀ ਕਹਿੰਦੇ ਹਨ? ਓਹੋ, ਬਹੁਤ ਬੁਰਾ ਹੋਇਆ। ਹੁਣ ਮੈਂ ਇਕੱਲਾ ਕੀ ਕਰੂੰਗਾ?! ਏਦਾਂ ਵੀ ਕਹਿੰਦੇ ਹਨ। ਨਾਟਕ ਕਰਦੇ ਹਨ। ਇਹ ਜਗਤ ਤਾਂ ਖੁਦ ਨਾਟਕ ਹੀ ਹੈ। ਇਸ ਲਈ ਅੰਦਰ ਜਾਣੋ ਕਿ 'ਭਲਾ ਹੋਇਆ ਛੁੱਟਿਆ ਜੰਜਾਲ' ਪਰ ਵਿਵੇਕ ਵਿੱਚ ਰਹਿਣਾ ਚਾਹੀਦਾ ਹੈ। 'ਭਲਾ ਹੋਇਆ ਛੁੱਟਿਆ ਜੰਜਾਲ, ਸੁਖ ਸੇ ਭਜੇਂਗੇ ਸ਼੍ਰੀ ਗੋਪਾਲ' ਏਦਾਂ ਨਹੀਂ ਬੋਲਦੇ। ਇਹੋ ਜਿਹਾ ਅਵਿਵੇਕ ਤਾਂ ਕੋਈ ਬਾਹਰ ਵਾਲਾ ਵੀ ਨਹੀਂ ਕਰਦਾ। ਦੁਸ਼ਮਣ ਹੋਵੇ, ਫਿਰ ਵੀ ਵਿਵੇਕ ਨਾਲ ਬੈਠਦਾ ਹੈ, ਮੂੰਹ ਸ਼ੋਕ ਵਾਲਾ ਬਣਾ ਕੇ ਬੈਠਦਾ ਹੈ! ਸਾਨੂੰ ਸ਼ੋਕ ਜਾਂ ਹੋਰ ਕੁੱਝ ਨਹੀਂ ਹੁੰਦਾ, ਫਿਰ ਵੀ ਬਾਥਰੂਮ ਵਿੱਚ ਜਾ ਕੇ ਪਾਣੀ ਲਗਾ ਕੇ, ਆ ਕੇ ਆਰਾਮ ਨਾਲ ਬੈਠਦੇ ਹਾਂ। ਇਹ ਅਭਿਨੈ (ਐਕਟਿੰਗ) ਹੈ। ਦਿ ਵਲਡ ਇਜ਼ ਦ ਡਰਾਮਾ ਇੱਟਸੈਲਫ਼, (ਸੰਸਾਰ ਖੁਦ ਇੱਕ ਨਾਟਕ ਹੈ) ਤੁਹਾਨੂੰ ਨਾਟਕ ਹੀ ਕਰਨਾ ਹੈ ਸਿਰਫ਼, ਅਭਿਨੈ ਹੀ ਕਰਨਾ ਹੈ, ਪਰ ਅਭਿਨੈ 'ਸਿੰਨਸਿਅਰਲੀ' ਕਰਨਾ ਹੈ।

## ਜੀਵ ਭਟਕੇ ਤੇਰਾਂ ਦਿਨ?

**ਪ੍ਰਸ਼ਨਕਰਤਾ :** ਮਰਨ ਤੋਂ ਬਾਅਦ ਤੇਰਾਂ ਦਿਨ ਦਾ ਰੈਸਟ ਹਾਊਸ ਹੁੰਦਾ ਹੈ, ਏਦਾਂ ਕਿਹਾ ਜਾਂਦਾ ਹੈ?

**ਦਾਦਾਸ਼੍ਰੀ :** ਤੇਰਾਂ ਦਿਨ ਦਾ ਤਾਂ ਇਹਨਾਂ ਬ੍ਰਾਹਮਣਾਂ ਦਾ ਹੁੰਦਾ ਹੈ। ਮਰਨ ਵਾਲੇ ਨੂੰ ਕੀ? ਉਹ ਬ੍ਰਾਹਮਣ ਏਦਾਂ ਕਹਿੰਦੇ ਹਨ ਕਿ ਰੈਸਟ ਹਾਊਸ ਹੈ। ਇਹ ਘਰ ਦੇ ਉੱਪਰ ਬੈਠਾ ਰਹੇਗਾ, ਅੰਗੂਠੇ ਜਿੰਨਾ, ਅਤੇ ਦੇਖਦਾ ਰਹੇਗਾ। ਓਏ, ਮੂਏ, ਦੇਖਦਾ ਕਿਸ ਲਈ ਰਹਿੰਦਾ ਹੈਂ? ਪਰ ਦੇਖੋ ਉਹਨਾਂ ਦਾ ਤੂਫ਼ਾਨ, ਦੇਖੋ ਤੂਫ਼ਾਨ! ਇੰਨਾ ਅੰਗੂਠੇ ਜਿੰਨਾ ਹੀ ਹੈ, ਕਹਿੰਦੇ ਹਨ, ਅਤੇ ਖਪਰੈਲ ਤੇ ਬੈਠਾ ਰਹਿੰਦਾ ਹੈ ਅਤੇ ਆਪਣੇ ਲੋਕ ਸੱਚ ਮੰਨਦੇ ਹਨ ਅਤੇ ਇਸਨੂੰ ਸੱਚ ਨਾ ਮੰਨੀਏ ਤਾਂ ਤੇਰਵਾਂ ਨਹੀਂ ਕਰਦੇ ਇਹ ਲੋਕ। ਨਹੀਂ ਤਾਂ ਇਹ ਲੋਕ ਤੇਰਵਾਂ ਆਦਿ ਕੁੱਝ ਵੀ ਨਾ ਕਰਦੇ।

**ਪ੍ਰਸ਼ਨਕਰਤਾ :** ਗਰੂੜ ਪੁਰਾਣ ਵਿੱਚ ਲਿਖਿਆ ਹੈ ਕਿ ਅੰਗੂਠੇ ਜਿੰਨਾ ਹੀ ਆਤਮਾ ਹੈ।

**ਦਾਦਾਸ਼੍ਰੀ :** ਹਾਂ, ਉਸਦਾ ਨਾਮ ਹੀ ਗਰੂੜ ਪੁਰਾਣ ਹੈ ਨਾ! ਪੁਰਾਣ (ਪੁਰਾਣਾ) ਕਹਾਉਂਦਾ ਹੈ। ਅੰਗੂਠੇ ਜਿੰਨਾ ਆਤਮਾ, ਇਸ ਲਈ ਪ੍ਰਾਪਤੀ ਹੀ ਨਹੀਂ ਹੁੰਦੀ ਨਾ, ਦਿਨ ਹੀ ਨਹੀਂ ਫਿਰਦੇ! ਐਵਰੀ ਡੇ ਫ੍ਰਾਈਡੇ! ਕਰਨ ਗਏ ਸਾਇੰਟਿਫ਼ਿਕ, ਹੇਤੂ ਸਾਇੰਟਿਫ਼ਿਕ ਸੀ, ਪਰ ਥਿੰਕਿੰਗ ਸਭ ਵਿਗੜ ਗਈ। ਇਹ ਲੋਕ ਉਸ ਨਾਮ ਤੇ ਕਿਰਿਆਵਾਂ ਕਰਦੇ ਅਤੇ ਕਿਰਿਆਵਾਂ ਕਰਨ ਉਸ ਤੋਂ ਪਹਿਲਾਂ ਬ੍ਰਾਹਮਣ ਨੂੰ ਦਾਨ ਦਿੰਦੇ ਸਨ। ਉਦੋਂ ਦਾਨ ਕਰਨ ਯੋਗ ਹੀ ਬ੍ਰਾਹਮਣ ਸਨ। ਉਹ ਬ੍ਰਾਹਮਣ ਨੂੰ ਦਾਨ ਦਿੰਦੇ ਤਾਂ ਪੁੰਨ ਬੰਧਦਾ ਸੀ। ਹੁਣ ਤਾਂ ਇਹ ਸਭ ਜਰਜਰਿਤ (ਖੰਡਰ) ਹੋ ਗਿਆ ਹੈ। ਬ੍ਰਾਹਮਣ ਇੱਥੋਂ ਪਲੰਗ ਲੈ ਜਾਂਦੇ ਹਨ, ਉਸਦਾ ਸੌਦਾ ਪਹਿਲਾਂ ਤੋਂ ਕੀਤਾ ਹੁੰਦਾ ਹੈ ਕਿ ਬਾਈ ਸੌ ਰੁਪਏ ਵਿੱਚ ਤੈਨੂੰ ਦੇਵਾਂਗਾ। ਗੱਦੇ ਦਾ ਸੌਦਾ ਕੀਤਾ ਹੁੰਦਾ ਹੈ, ਚਾਦਰ ਦਾ ਸੌਦਾ ਕੀਤਾ ਹੁੰਦਾ ਹੈ। ਅਸੀਂ ਦੂਸਰਾ ਸਭ ਦਿੰਦੇ ਹਾਂ, ਕੱਪੜੇ ਸਾਧਨ ਆਦਿ ਸਭ, ਉਹ ਵੀ ਵੇਚ ਦਿੰਦੇ ਹਨ ਸਭ। ਏਦਾਂ ਉੱਥੇ ਕਿਸ ਤਰ੍ਹਾਂ ਸਭ ਕੁੱਝ ਆਤਮਾ ਨੂੰ ਪਹੁੰਚੇਗਾ, ਏਦਾਂ ਮੰਨ ਲਿਆ ਲੋਕਾਂ ਨੇ?

**ਪ੍ਰਸ਼ਨਕਰਤਾ :** ਦਾਦਾ ਜੀ ਹੁਣ ਤਾਂ ਕਿੰਨੇ ਹੀ ਲੋਕ ਏਦਾਂ ਕਹਿੰਦੇ ਹਨ ਕਿ ਬ੍ਰਾਹਮਣਾਂ ਨੂੰ ਕਹਿ ਦਿੰਦੇ ਹਾਂ ਕਿ ਤੁਸੀਂ ਸਭ ਲੈ ਆਉਣਾ ਅਤੇ ਅਸੀਂ ਪੈਸੇ ਦੇ ਦੇਵਾਂਗੇ।

**ਦਾਦਾਸ਼੍ਰੀ :** ਉਹ ਤਾਂ ਅੱਜ ਨਹੀਂ, ਕਿੰਨੇ ਹੀ ਸਾਲਾਂ ਤੋਂ ਕਰਦੇ ਹਨ। ਬਣਦੇ ਪੈਸੇ ਦੇ ਦੇਵਾਂਗੇ, ਤੂੰ ਲੈ ਆਵੀਂ ਅਤੇ ਉਹ ਦੂਸਰੇ ਦਾ ਦਿੱਤਾ ਹੋਇਆ ਮੰਜਾ ਹੁੰਦਾ ਹੈ ਉਹ ਲੈ ਆਉਂਦਾ ਹੈ! ਬੋਲੋ ਹੁਣ! ਫਿਰ ਵੀ ਲੋਕਾਂ ਨੂੰ ਮੰਨਣ ਵਿੱਚ ਨਹੀਂ ਆਉਂਦਾ, ਫਿਰ ਵੀ ਗੱਡੀ ਤਾਂ ਉਸੇ ਤਰ੍ਹਾਂ ਚੱਲਦੀ ਹੀ ਰਹਿੰਦੀ ਹੈ। ਜੈਨ ਏਦਾਂ ਨਹੀਂ ਕਰਦੇ। ਜੈਨ ਬੜੇ ਪੱਕੇ ਹੁੰਦੇ ਹਨ, ਐਸਾ-ਵੈਸਾ ਨਹੀਂ ਕਰਦੇ। ਐਸਾ-ਵੈਸਾ ਕੁੱਝ ਵੀ ਨਹੀਂ। ਇੱਥੇ ਤੋਂ ਆਤਮਾ ਨਿੱਕਲਿਆ, ਤਾਂ ਸਿੱਧੇ ਉਸਦੀ ਗਤੀ ਵਿੱਚ ਜਾਂਦਾ ਹੈ, ਯੋਨੀ ਪ੍ਰਾਪਤ ਹੋ ਜਾਂਦੀ ਹੈ।

## ਮਰਨ ਵਾਲੇ ਨੂੰ ਨਹੀਂ ਕੁੱਝ ਲੈਣਾ-ਦੇਣਾ

**ਪ੍ਰਸ਼ਨਕਰਤਾ :** ਮਰਨ ਵਾਲੇ ਦੇ ਪਿੱਛੇ ਕੁੱਝ ਭਜਨ-ਕੀਰਤਨ ਕਰਨਾ ਜਾਂ ਨਹੀਂ? ਉਸ ਨਾਲ ਕੀ ਫ਼ਾਇਦਾ ਹੁੰਦਾ ਹੈ?

**ਦਾਦਾਸ਼੍ਰੀ :** ਮਰਨ ਵਾਲੇ ਨੂੰ ਕੋਈ ਲੈਣਾ-ਦੇਣਾ ਨਹੀਂ ਹੈ।

**ਪ੍ਰਸ਼ਨਕਰਤਾ :** ਤਾਂ ਫਿਰ ਇਹ ਆਪਣੀ ਧਾਰਮਿਕ ਵਿਧੀਆਂ ਹਨ, ਮਰਨ ਦੇ ਅਵਸਰ ਤੇ ਜੋ ਸਾਰੀਆਂ ਵਿਧੀਆ ਕੀਤੀ ਜਾਂਦੀ ਹੈ, ਉਹ ਸਹੀ ਹੈ ਜਾਂ ਨਹੀਂ?

**ਦਾਦਾਸ਼੍ਰੀ :** ਇਸ ਵਿੱਚ ਇੱਕ ਅੱਖਰ ਵੀ ਸੱਚਾ ਨਹੀਂ ਹੈ। ਇਹ ਤਾਂ ਉਹ ਗਏ, ਸੋ ਗਏ। ਲੋਕ ਆਪਣੇ ਆਪ ਕਰਦੇ ਰਹਿੰਦੇ ਹਨ ਅਤੇ ਜੇ ਏਦਾਂ ਕਹੀਏ ਕਿ ਆਪਣੇ ਲਈ ਕਰੋ ਨਾ! ਤਾਂ ਕਹਿੰਦੇ ਹਨ, 'ਨਹੀਂ ਭਾਈ, ਮੈਨੂੰ ਫ਼ੁਰਸਤ ਨਹੀਂ ਹੈ।' ਜੇ ਪਿਤਾ ਜੀ ਦੇ ਲਈ ਕਰਨ ਨੂੰ ਕਹੀਏ, ਤਾਂ ਵੀ ਨਾ ਕਰਨ ਇਹੋ ਜਿਹੇ ਹਨ ਇਹ। ਪਰ ਗੁਆਂਢੀ ਕਹਿੰਦੇ ਹਨ, 'ਓਏ ਮਰਜਾਣਿਆ, ਆਪਣੇ ਬਾਪ ਦਾ ਕਰ, ਆਪਣੇ ਬਾਪ ਦਾ ਕਰ!' ਉਹ ਤਾਂ ਗੁਆਂਢੀ ਠੋਕ-ਠਾਕ ਕੇ ਕਰਵਾਉਂਦੇ ਹਨ!

**ਪ੍ਰਸ਼ਨਕਰਤਾ :** ਤਾਂ ਇਹ ਗਰੂੜ ਪੁਰਾਣ ਰੱਖਦੇ ਹਨ ਉਹ ਕੀ ਹੈ?

**ਦਾਦਾਸ਼੍ਰੀ :** ਉਹ ਗਰੂੜ ਪੁਰਾਣ ਤਾਂ, ਉਹ ਜੋ ਰੋਂਦੇ ਰਹਿੰਦੇ ਹਨ ਨਾ, ਉਹ ਗਰੂੜ ਪੁਰਾਣ ਵਿੱਚ ਜਾਂਦੇ ਹਨ, ਯਾਨੀ ਸ਼ਾਂਤੀ ਕਰਨ ਦੇ ਸਭ ਰਸਤੇ ਹਨ ਇਹ।

## ਸਭ ਵਾਹ-ਵਾਹ ਦੇ ਲਈ

**ਪ੍ਰਸ਼ਨਕਰਤਾ :** ਇਹ ਮੌਤ ਤੋਂ ਬਾਅਦ ਬਾਰ੍ਹਵਾਂ ਕਰਦੇ ਹਨ, ਤੇਰ੍ਹਵਾਂ ਕਰਦੇ ਹਨ, ਭਾਂਡੇ ਵੰਡਦੇ ਹਨ, ਭੋਜਨ ਰੱਖਦੇ ਹਨ, ਉਸਦਾ ਮਹੱਤਵ ਕਿੰਨਾ ਹੈ?

**ਦਾਦਾਸ਼੍ਰੀ :** ਉਹ ਜ਼ਰੂਰੀ ਵਸਤੂ ਨਹੀਂ ਹੈ। ਉਹ ਤਾਂ ਪਿੱਛੇ ਵਾਹ-ਵਾਹ ਦੇ ਲਈ ਕਰਵਾਉਂਦੇ ਹਨ ਅਤੇ ਜੇ ਖਰਚ ਨਾ ਕਰੇ ਨਾ, ਤਾਂ ਲੋਭੀ ਹੁੰਦਾ ਰਹਿੰਦਾ ਹੈ, ਦੋ ਹਜ਼ਾਰ ਰੁਪਏ ਦਿੱਤੇ ਹੋਣ ਤਾਂ ਖਾਂਦਾ-ਪੀਂਦਾ ਨਹੀਂ ਹੈ ਅਤੇ ਦੋ ਹਜ਼ਾਰ ਦੇ ਪਿੱਛੇ ਪੈਸੇ ਜੋੜਦਾ ਰਹਿੰਦਾ ਹੈ। ਇਸ ਲਈ ਏਦਾਂ ਖਰਚ ਕਰੇ ਤਾਂ ਮਨ ਸ਼ੁੱਧ ਹੋ ਜਾਂਦਾ ਹੈ ਅਤੇ ਲੋਭ ਨਹੀਂ ਵੱਧਦਾ। ਪਰ ਉਹ ਜ਼ਰੂਰੀ ਵਸਤੂ ਨਹੀਂ ਹੈ। ਕੋਲ ਹੋਵੇ ਤਾਂ ਕਰਨਾ, ਨਾ ਹੋਵੇ ਤਾਂ ਕੋਈ ਗੱਲ ਨਹੀਂ।

## ਸ਼ਰਾਧ ਦੀ ਸੱਚੀ ਸਮਝ

**ਪ੍ਰਸ਼ਨਕਰਤਾ :** ਇਹ ਸ਼ਰਾਧ ਵਿੱਚ ਪਿੱਤਰਾਂ ਦਾ ਜੋ ਆਵਾਹਨ ਹੁੰਦਾ ਹੈ, ਉਹ ਠੀਕ ਹੈ? ਉਸ ਸਮੇਂ ਸ਼ਰਾਧ ਪਕਸ਼ ਵਿੱਚ ਪਿੱਤਰ ਆਉਂਦੇ ਹਨ? ਅਤੇ ਕਾਂਵਾਂ ਨੂੰ ਭੋਜਨ ਖਿਲਾਉਂਦੇ ਹਨ, ਉਹ ਕੀ ਹੈ?

**ਦਾਦਾਸ਼੍ਰੀ :** ਏਦਾਂ ਹੈ ਨਾ, ਜੇ ਬੇਟੇ ਦੇ ਨਾਲ ਸਬੰਧ ਹੋਵੇਗਾ ਤਾਂ ਆਵੇਗਾ। ਸਾਰਾ ਸਬੰਧ ਪੂਰਾ ਹੁੰਦਾ ਹੈ, ਤਾਂ ਹੀ ਦੇਹ ਛੁੱਟਦਾ ਹੈ। ਕਿਸੇ ਪ੍ਰਕਾਰ ਦਾ ਘਰਵਾਲਿਆਂ ਦੇ ਨਾਲ ਸਬੰਧ ਨਹੀਂ ਰਿਹਾ ਇਸ ਲਈ ਇਹ ਦੇਹ ਛੁੱਟ ਜਾਂਦਾ ਹੈ। ਫਿਰ ਕੋਈ ਮਿਲਦਾ ਨਹੀਂ। ਫਿਰ ਨਵਾਂ ਸਬੰਧ ਬੰਧਿਆ ਹੋਵੇ, ਤਾਂ ਫਿਰ ਉੱਥੇ ਜਨਮ ਹੁੰਦਾ ਹੈ, ਬਾਕੀ ਕੋਈ ਆਉਂਦਾ-ਕਰਦਾ ਨਹੀਂ ਹੈ। ਪਿੱਤਰ ਕਿਸ ਨੂੰ ਕਹਾਂਗੇ? ਬੇਟੇ ਨੂੰ ਕਹਾਂਗੇ ਜਾਂ ਬਾਪ ਨੂੰ ਕਹਾਂਗੇ? ਬੇਟਾ ਪਿੱਤਰ ਹੋਣ ਵਾਲਾ

ਹੈ ਅਤੇ ਬਾਪ ਵੀ ਪਿੱਤਰ ਹੋਣ ਵਾਲਾ ਹੈ ਅਤੇ ਦਾਦਾ ਵੀ ਪਿੱਤਰ ਹੋਣ ਵਾਲਾ ਹੈ, ਕਿਸ ਨੂੰ ਕਹਾਂਗੇ ਪਿੱਤਰ?

**ਪ੍ਰਸ਼ਨਕਰਤਾ :** ਯਾਦ ਕਰਨ ਦੇ ਲਈ ਹੀ ਇਹ ਕਿਰਿਆਵਾਂ ਰੱਖੀਆਂ ਹਨ, ਏਦਾਂ ਹੈ ਨਾ?

**ਦਾਦਾਸ਼੍ਰੀ :** ਨਹੀਂ, ਯਾਦ ਕਰਨ ਦੇ ਲਈ ਵੀ ਨਹੀਂ। ਇਹ ਤਾਂ ਆਪਣੇ ਲੋਕ ਮਰਨ ਵਾਲੇ ਦੇ ਪਿੱਛੇ ਧਰਮ ਦੇ ਨਾਮ ਤੇ ਚਾਰ ਆਨੇ ਵੀ ਖਰਚ ਕਰਨ ਏਦਾਂ ਦੇ ਨਹੀਂ ਸਨ। ਇਸ ਲਈ ਫਿਰ ਉਹਨਾਂ ਨੂੰ ਸਮਝਾਇਆ ਕਿ ਭਾਈ ਤੁਹਾਡੇ ਪਿਤਾ ਸ਼੍ਰੀ ਮਰ ਗਏ ਹਨ, ਤਾਂ ਕੁੱਝ ਖਰਚ ਕਰੋ, ਕੁੱਝ ਐਸਾ ਕਰੋ, ਵੈਸਾ ਕਰੋ। ਤਾਂ ਫਿਰ ਤੁਹਾਡੇ ਪਿਤਾ ਸ਼੍ਰੀ ਨੂੰ ਪਹੁੰਚੇਗਾ। ਉਦੋਂ ਲੋਕ ਵੀ ਉਸ ਨੂੰ ਝਿੜਕ ਕੇ ਕਹਿੰਦੇ ਹਨ ਕਿ ਬਾਪ ਦੇ ਲਈ ਕੁੱਝ ਕਰ ਨਾ! ਸ਼ਰਾਧ ਕਰ ਨਾ! ਕੁੱਝ ਚੰਗਾ ਕਰ ਨਾ! ਤਾਂ ਇਸ ਤਰ੍ਹਾਂ ਕਰਕੇ ਦੋ ਸੌ-ਚਾਰ ਸੌ, ਜੋ ਵੀ ਖਰਚ ਕਰਵਾਉਂਦੇ ਹਨ ਧਰਮ ਦੇ ਨਾਮ ਤੇ, ਉਨਾਂ ਉਸਦਾ ਫ਼ਲ ਮਿਲਦਾ ਹੈ। ਬਾਪ ਦੇ ਨਾਮ ਤੇ ਕਰਦਾ ਹੈ ਅਤੇ ਬਾਅਦ ਵਿੱਚ ਫ਼ਲ ਮਿਲਦਾ ਹੈ। ਜੇ ਬਾਪ ਦਾ ਨਾਮ ਨਾ ਦਿੱਤਾ ਹੁੰਦਾ, ਤਾਂ ਇਹ ਲੋਕ ਚਾਰ ਆਨੇ ਵੀ ਖਰਚ ਨਾ ਕਰਦੇ। ਸੋ: ਅੰਧਸ਼ਰਧਾ ਤੇ ਇਹ ਗੱਲ ਚੱਲ ਰਹੀ ਹੈ। ਤੁਹਾਡੀ ਸਮਝ ਵਿੱਚ ਆਇਆ? ਨਹੀਂ ਸਮਝੇ?

ਇਹ ਵਰਤ-ਉਪਵਾਸ ਕਰਦੇ ਹਨ, ਉਹ ਸਭ ਆਯੂਰਵੇਦ ਦੇ ਲਈ ਹੈ, ਆਯੂਰਵੇਦ ਦੇ ਲਈ। ਇਹ ਸਭ ਵਰਤ-ਉਪਵਾਸ ਆਦਿ ਕਰਦੇ ਹਨ ਅਤੇ ਆਯੂਰਵੇਦ ਵਿੱਚ ਕਿਸ ਤਰ੍ਹਾਂ ਫ਼ਾਇਦਾ ਹੋਵੇ, ਉਸਦੇ ਲਈ ਪ੍ਰਬੰਧ ਕੀਤਾ ਹੈ ਇਹ ਸਭ। ਪਹਿਲਾਂ ਦੇ ਲੋਕਾਂ ਨੇ ਪ੍ਰਬੰਧ ਚੰਗਾ ਕੀਤਾ ਹੈ। ਇਹਨਾਂ ਮੂਰਖ ਲੋਕਾਂ ਨੂੰ ਵੀ ਫ਼ਾਇਦਾ ਹੋਵੇਗਾ, ਇਸ ਲਈ ਅਸ਼ਟਮੀ, ਇਕਾਦਸ਼ੀ, ਪੰਚਮੀ, ਏਦਾਂ ਸਭ ਕੀਤਾ ਹੈ ਅਤੇ ਇਹ ਸ਼ਰਾਧ ਕਰਦੇ ਹਨ ਨਾ! ਅਤ: ਸ਼ਰਾਧ, ਉਹ ਤਾਂ ਬਹੁਤ ਚੰਗੇ ਹੇਤੂ ਦੇ ਲਈ ਕੀਤਾ ਹੈ।

**ਪ੍ਰਸ਼ਨਕਰਤਾ :** ਦਾਦਾ ਜੀ, ਸ਼ਰਾਧ ਵਿੱਚ ਕਾਂਵਾਂ ਨੂੰ ਭੋਜਨ ਖਿਲਾਉਂਦੇ ਹਨ, ਉਸਦਾ ਕੀ ਮਤਲਬ ਹੈ? ਅਗਿਆਨਤਾ ਕਹਾਉਂਦੀ ਹੈ ਉਹ?

**ਦਾਦਾਸ਼੍ਰੀ :** ਨਹੀਂ, ਅਗਿਆਨਤਾ ਨਹੀਂ ਹੈ। ਇਹ ਇੱਕ ਤਰ੍ਹਾਂ ਨਾਲ ਲੋਕਾਂ ਨੇ ਸਿਖਾਇਆ ਹੈ ਕਿ ਉਸ ਤਰ੍ਹਾਂ ਸ਼ਰਾਧ ਕਰਮ ਹੁੰਦਾ ਹੈ। ਆਪਣੇ ਇੱਥੇ ਤਾਂ ਸ਼ਰਾਧ ਕਰਨ ਦਾ ਤਾਂ ਵੱਡਾ ਇਤਿਹਾਸ ਹੈ। ਇਸਦਾ ਕੀ ਕਾਰਣ ਸੀ? ਸ਼ਰਾਧ ਕਦੋਂ ਤੋਂ ਸ਼ੁਰੂ ਹੁੰਦੇ ਹਨ ਕਿ ਭਾਦੋਂ ਸੂਦ ਪੂਨਮ ਤੋਂ ਲੈ ਕੇ ਭਾਦੋਂ ਵਦ ਮੱਸਿਆ ਤੱਕ ਸ਼ਰਾਧ ਪਕਸ਼ ਕਹਾਉਂਦਾ ਹੈ। ਸੋਲ਼ਾਂ ਦਿਨ ਦੇ ਸ਼ਰਾਧ! ਹੁਣ ਇਹ ਸ਼ਰਾਧ ਕਰਨਾ ਕਿਸ ਲਈ ਇਹਨਾਂ ਲੋਕਾਂ ਨੇ ਸ਼ੁਰੂ ਕੀਤਾ? ਬਹੁਤ ਬੁੱਧੀਮਾਨ ਪ੍ਰਜਾ ਹੈ! ਇਸ ਲਈ ਸ਼ਰਾਧ ਜੋ ਕਰੇ, ਉਹ ਤਾਂ ਸਭ ਵਿਗਿਆਨਕ ਤਰੀਕਾ ਹੈ। ਸਾਡੇ ਇੰਡੀਆ ਵਿੱਚ ਅੱਜ ਤੋਂ ਕੁੱਝ ਸਾਲ ਪਹਿਲਾਂ ਤੱਕ ਪਿੰਡਾਂ ਵਿੱਚ ਹਰ ਇੱਕ ਘਰ ਵਿੱਚ ਇੱਕ ਮੰਜਾ ਤਾਂ ਵਿਛਿਆ ਰਹਿੰਦਾ ਸੀ, ਮਲੇਰੀਏ ਵਾਲੇ ਇੱਕ-ਦੋ ਲੋਕ ਤਾਂ ਮੰਜੇ ਤੇ ਹੁੰਦੇ ਸਨ। ਕਿਹੜੇ ਮਹੀਨੇ ਵਿੱਚ? ਤਾਂ ਕਹੀਏ, ਭਾਦੋਂ ਮਹੀਨੇ ਵਿੱਚ। ਇਸ ਲਈ ਅਸੀਂ ਪਿੰਡ ਵਿੱਚ ਜਾਈਏ, ਤਾਂ ਹਰ ਇੱਕ ਘਰ ਦੇ ਬਾਹਰ ਇੱਕ-ਅੱਧਾ ਮੰਜਾ ਪਿਆ ਹੁੰਦਾ ਅਤੇ ਉਸ ਉੱਤੇ ਮਰੀਜ ਸੌਂ ਰਿਹਾ ਹੁੰਦਾ, ਕੱਪੜਾ ਲੈ ਕੇ। ਬੁਖਾਰ ਹੁੰਦਾ, ਮਲੇਰੀਆ ਦੇ ਬੁਖਾਰ ਨਾਲ ਗ੍ਰਸਤ। ਭਾਦੋਂ ਦੇ ਮਹੀਨੇ ਵਿੱਚ ਮੱਛਰ ਬਹੁਤ ਹੁੰਦੇ ਸੀ, ਇਸ ਲਈ ਮਲੇਰੀਆ ਬਹੁਤ ਫੈਲਦਾ ਸੀ, ਯਾਨੀ ਮਲੇਰੀਆ ਪਿੱਤ ਦਾ ਬੁਖਾਰ ਕਹਾਉਂਦਾ ਹੈ। ਉਹ ਵਾਯੂ ਜਾਂ ਕਫ਼ ਦਾ ਬੁਖਾਰ ਨਹੀਂ ਹੈ। ਪਿੱਤ ਦਾ ਬੁਖਾਰ, ਤਾਂ ਇੰਨਾ ਜ਼ਿਆਦਾ ਪਿੱਤ ਵੱਧ ਜਾਂਦਾ ਹੈ। ਬਰਸਾਤ ਦੇ ਦਿਨ ਅਤੇ ਪਿੱਤ ਦਾ ਬੁਖਾਰ ਅਤੇ ਫਿਰ ਮੱਛਰ ਕੱਟਦੇ ਹਨ। ਜਿਸਨੂੰ ਪਿੱਤ ਜ਼ਿਆਦਾ ਹੁੰਦਾ ਹੈ ਉਸਨੂੰ ਕੱਟਦੇ ਹਨ। ਇਸ ਲਈ ਮਨੁੱਖਾਂ ਨੇ, ਇਹਨਾਂ ਖੋਜ ਕਰਨ ਵਾਲਿਆਂ ਨੇ ਇਹ ਖੋਜ਼ ਕੀਤੀ ਸੀ ਕਿ ਹਿੰਦੁਸਤਾਨ ਵਿੱਚ ਕੋਈ ਰਸਤਾ ਕੱਢੋ, ਨਹੀਂ ਤਾਂ ਅਬਾਦੀ ਅੱਧੀ ਹੋ ਜਾਵੇਗੀ। ਹੁਣ ਤਾਂ ਇਹ ਮੱਛਰ ਘੱਟ ਗਏ ਹਨ, ਨਹੀਂ ਤਾਂ ਆਦਮੀ ਜ਼ਿੰਦਾ ਨਾ ਹੁੰਦਾ। ਇਸ ਲਈ ਪਿੱਤ ਦੇ ਬੁਖਾਰ ਨੂੰ ਸ਼ਮਨ (ਸ਼ਾਂਤ) ਕਰਨ ਦੇ ਲਈ, ਇਹੋ ਜਿਹੀ ਸ਼ਮਨ ਕਿਰਿਆ ਕਰਨ ਦੇ ਲਈ ਖੋਜ ਕੀਤੀ ਸੀ ਕਿ ਇਹ ਲੋਕ ਦੁੱਧਪਾਕ ਜਾਂ ਖੀਰ, ਦੁੱਧ ਅਤੇ ਸ਼ੱਕਰ ਆਦਿ ਖਾਣ ਤਾਂ ਪਿੱਤ ਸ਼ਮੇਗਾ (ਸ਼ਾਂਤ ਹੋਵੇਗਾ) ਅਤੇ ਮਲੇਰੀਆ ਤੋਂ ਕੁੱਝ ਛੁੱਟਕਾਰਾ ਮਿਲੇਗਾ। ਹੁਣ ਇਹ ਲੋਕ ਘਰ ਦਾ ਦੁੱਧ ਹੋਵੇ, ਫਿਰ ਵੀ ਖੀਰ-ਖੂਰ ਬਣਾਉਂਦੇ ਨਹੀਂ ਸਨ, ਦੁੱਧਪਾਕ ਖਾਂਦੇ ਨਹੀਂ ਸਨ ਇਹੋ ਜਿਹੇ ਇਹ ਲੋਕ! ਬਹੁਤ ਨੌਰਮਲ ਨਾ (!),

ਇਸ ਲਈ ਕੀ ਹੋਵੇ, ਉਹ ਤੁਸੀਂ ਜਾਣਦੇ ਹੋ? ਹੁਣ ਇਹ ਦੁੱਧਪਾਕ ਰੋਜ ਖਾਣ ਕਿਸ ਤਰ੍ਹਾਂ?

ਹੁਣ ਬਾਪ ਨੂੰ ਤਾਂ ਇੱਕ ਛਟਾਂਕ ਵੀ ਨਹੀਂ ਪਹੁੰਚਦਾ। ਪਰ ਇਹਨਾਂ ਲੋਕਾਂ ਨੇ ਖੋਜ ਕੀਤੀ ਸੀ ਕਿ ਇਹ ਹਿੰਦੂਸਤਾਨ ਦੇ ਲੋਕ ਚਾਰ ਆਨੇ ਵੀ ਧਰਮ ਕਰਨ, ਇਹੋ ਜਿਹੇ ਨਹੀਂ ਹਨ। ਇਹੋ ਜਿਹੇ ਲੋਭੀ ਹਨ ਕਿ ਦੋ ਆਨੇ ਵੀ ਧਰਮ ਨਾ ਕਰਨ। ਇਸ ਲਈ ਏਦਾਂ ਉਲਟਾ ਕੰਨ ਫੜਾਇਆ ਕਿ 'ਤੇਰੇ ਬਾਪ ਦਾ ਸ਼ਰਾਧ ਤਾਂ ਕਰ!' ਏਦਾਂ ਸਭ ਕਹਿਣ ਆਉਂਦੇ ਹਨ ਨਾ! ਇਸ ਲਈ ਸ਼ਰਾਧ ਦਾ ਨਾਮ ਇਸ ਤਰ੍ਹਾਂ ਪਾ ਦਿੱਤਾ। ਇਸ ਲਈ ਲੋਕਾਂ ਨੇ ਫਿਰ ਸ਼ੁਰੂ ਕਰ ਦਿੱਤਾ ਕਿ ਬਾਪ ਦਾ ਸ਼ਰਾਧ ਤਾਂ ਕਰਨਾ ਪਵੇਗਾ ਨਾ! ਅਤੇ ਮੇਰੇ ਵਰਗਾ ਕੋਈ ਅੜਿਅਲ ਹੋਵੇ ਅਤੇ ਸ਼ਰਾਧ ਨਾ ਕਰਦਾ ਹੋਵੇ ਤਾਂ ਕੀ ਕਹਿੰਦੇ ਹਨ? 'ਬਾਪ ਦਾ ਸ਼ਰਾਧ ਵੀ ਨਹੀਂ ਕਰਦਾ।' ਆਸ-ਪਾਸ ਵਾਲੇ ਕਿਚ-ਕਿਚ ਕਰਦੇ ਹਨ, ਇਸ ਲਈ ਫਿਰ ਸ਼ਰਾਧ ਕਰ ਦਿੰਦਾ ਹੈ। ਤਾਂ ਫਿਰ ਭੋਜਨ ਕਰਵਾ ਦਿੰਦਾ ਹੈ।

ਉਦੋਂ ਪੂਨਮ ਦੇ ਦਿਨ ਤੋਂ ਖੀਰ ਖਾਣ ਨੂੰ ਮਿਲਦੀ ਹੈ ਅਤੇ ਪੰਦਰਾਂ ਦਿਨਾਂ ਤੱਕ ਖੀਰ ਮਿਲਦੀ ਰਹਿੰਦੀ ਹੈ। ਕਿਉਂਕਿ ਅੱਜ ਮੇਰੇ ਇੱਥੇ, ਕੱਲ ਤੁਹਾਡੇ ਇੱਥੇ ਅਤੇ ਲੋਕਾਂ ਨੂੰ ਵੀ ਇਹ ਮਾਫ਼ਿਕ ਆ ਗਿਆ ਕਿ, 'ਹੋਵੇਗਾ, ਤਾਂ ਹੀ ਬਾਰੀ-ਬਾਰੀ ਖਾਣਾ ਹੈ ਨਾ! ਠੱਗੇ ਨਹੀਂ ਜਾਣਾ ਅਤੇ ਫਿਰ ਖਾਣਾ ਪਾਉਣਾਂ ਕਾਂਵਾਂ ਨੂੰ।' ਇਸ ਤਰ੍ਹਾਂ ਖੋਜ ਕੀਤੀ ਸੀ। ਉਸ ਨਾਲ ਪਿੱਤ ਸਾਰਾ ਸ਼ਮਨ ਹੋ ਜਾਂਦਾ ਹੈ। ਤਾਂ ਇਸ ਲਈ ਇਹਨਾਂ ਲੋਕਾਂ ਨੇ ਇਹ ਵਿਵਸਥਾ ਕੀਤੀ ਸੀ। ਇਸ ਲਈ ਸਾਡੇ ਲੋਕ ਉਸ ਸਮੇਂ ਕੀ ਕਹਿੰਦੇ ਸਨ ਕਿ ਸੋਲ਼ਾਂ ਸ਼ਰਾਧਾਂ ਤੋਂ ਬਾਅਦ ਜੇ ਜੀਵਿਤ ਰਿਹਾ ਤਾਂ ਨਵਰਾਤਰੀ ਵਿੱਚ ਆਇਆ!

## ਹਸਤਾਖ਼ਰ ਬਿਨਾਂ ਮਰਨ ਨਹੀਂ

ਪਰ ਕੁਦਰਤ ਦਾ ਨਿਯਮ ਏਦਾਂ ਹੈ ਕਿ ਕਿਸੇ ਵੀ ਮਨੁੱਖ ਨੂੰ ਇੱਥੇ ਤੋਂ ਨਹੀਂ ਲੈ ਜਾ ਸਕਦੇ। ਮਰਨ ਵਾਲੇ ਦੇ ਹਸਤਾਖ਼ਰ ਤੋਂ ਬਿਨਾਂ ਉਸਨੂੰ ਇੱਥੇ ਤੋਂ ਨਹੀਂ ਲੈ ਜਾ ਸਕਦੇ। ਕੀ ਲੋਕ ਹਸਤਾਖ਼ਰ ਕਰਦੇ ਹੋਣਗੇ? ਏਦਾਂ ਕਹਿੰਦੇ ਹਨ ਨਾ ਕਿ 'ਹੇ ਭਗਵਾਨ, ਇੱਥੋਂ ਚਲੇ ਜਾਈਏ ਤਾਂ ਚੰਗਾ' ਹੁਣ ਏਦਾਂ ਕਿਸ ਲਈ

ਬੋਲਦੇ ਹਨ? ਉਹ ਤੁਸੀਂ ਜਾਣਦੇ ਹੋ? ਕਦੇ ਅੰਦਰ ਇਹੋ ਜਿਹਾ ਦੁੱਖ ਹੁੰਦਾ ਹੈ, ਤਾਂ ਫਿਰ ਦੁੱਖ ਦਾ ਮਾਰਿਆ ਬੋਲਦਾ ਹੈ ਕਿ 'ਇਹ ਦੇਹ ਛੁੱਟੇ ਤਾਂ ਚੰਗਾ।' ਉਸ ਘੜੀ ਹਸਤਾਖ਼ਰ ਕਰ ਦਿੰਦਾ ਹੈ।

## ਉਸ ਤੋਂ ਪਹਿਲਾਂ ਕਰਨਾ 'ਮੈਨੂੰ' ਯਾਦ

**ਪ੍ਰਸ਼ਨਕਰਤਾ :** ਦਾਦਾ ਜੀ ਏਦਾਂ ਸੁਣਿਆ ਹੈ ਕਿ ਆਤਮ ਹੱਤਿਆ ਤੋਂ ਬਾਅਦ ਇਸ ਤਰ੍ਹਾਂ ਦੇ ਸੱਤ ਜਨਮ ਹੁੰਦੇ ਹਨ, ਇਹ ਗੱਲ ਸੱਚ ਹੈ?

**ਦਾਦਾਸ਼੍ਰੀ :** ਜੋ ਸੰਸਕਾਰ ਪੈ ਜਾਂਦੇ ਹਨ, ਉਹ ਸੱਤ-ਅੱਠ ਜਨਮਾਂ ਤੋਂ ਬਾਅਦ ਜਾਂਦੇ ਹਨ। ਇਸ ਲਈ ਕੋਈ ਮਾੜੇ ਸੰਸਕਾਰ ਪੈਣ ਨਾ ਦੇਣਾ। ਮਾੜੇ ਸੰਸਕਾਰਾਂ ਤੋਂ ਦੂਰ ਭੱਜਣਾਂ। ਹਾਂ, ਇੱਥੇ ਚਾਹੇ ਜਿਵੇਂ ਦਾ ਵੀ ਦੁੱਖ ਹੋਵੇ ਤਾਂ ਉਹ ਸਹਿਨ ਕਰਨਾ, ਪਰ ਗੋਲ਼ੀ ਨਾ ਮਾਰਨਾ, ਆਤਮ ਹੱਤਿਆ ਨਾ ਕਰਨਾ। ਇਸ ਲਈ ਬੜੌਦਾ ਸ਼ਹਿਰ ਵਿੱਚ ਅੱਜ ਤੋਂ ਕੁੱਝ ਸਾਲ ਪਹਿਲਾਂ ਸਭ ਨੂੰ ਕਹਿ ਦਿੱਤਾ ਸੀ ਕਿ ਆਤਮ ਹੱਤਿਆ ਦਾ ਵਿਚਾਰ ਆਵੇ ਤਾਂ ਮੈਨੂੰ ਯਾਦ ਕਰਨਾ ਅਤੇ ਮੇਰੇ ਕੋਲ ਆ ਜਾਣਾ। ਇਹੋ ਜਿਹੇ ਮਨੁੱਖ ਹੋਣ ਨਾ, ਜੋਖ਼ਿਮਵਾਲੇ ਮਨੁੱਖ, ਉਹਨਾਂ ਨੂੰ ਕਹਿ ਕੇ ਰੱਖਦਾ ਸੀ। ਉਹ ਫਿਰ ਮੇਰੇ ਕੋਲ ਆਵੇ, ਤਾਂ ਉਸਨੂੰ ਸਮਝਾ ਦੇਵਾਂ। ਦੂਸਰੇ ਦਿਨ ਆਤਮ ਹੱਤਿਆ ਕਰਨਾ ਬੰਦ ਹੋ ਜਾਵੇ। 1951 ਤੋਂ ਬਾਅਦ ਸਭ ਨੂੰ ਖ਼ਬਰ ਕਰ ਦਿੱਤੀ ਸੀ ਕਿ ਜਿਸ ਕਿਸੇ ਨੂੰ ਆਤਮ ਹੱਤਿਆ ਕਰਨੀ ਹੋਵੇ ਉਹ ਮੈਨੂੰ ਮਿਲੇ ਅਤੇ ਫਿਰ ਕਰੇ। ਕੋਈ ਆਵੇ ਕਿ ਮੈਂ ਆਤਮ ਹੱਤਿਆ ਕਰਨੀ ਹੈ ਤਾਂ ਉਸਨੂੰ ਮੈਂ ਸਮਝਾ ਦਿੰਦਾ ਸੀ। ਆਸਪਾਸ ਦੇ 'ਕਾਜ਼ਜ਼' (ਕਾਰਣ), ਸਰਕਲ, ਆਤਮ ਹੱਤਿਆ ਕਰਨ ਵਾਲੇ ਹਨ ਜਾਂ ਨਹੀਂ ਕਰਨ ਵਾਲੇ ਹਨ, ਸਭ ਉਸਨੂੰ ਸਮਝਾ ਦਿੰਦਾ ਸੀ ਅਤੇ ਉਸਨੂੰ ਵਾਪਸ ਮੋੜ ਲੈਂਦਾ ਸੀ।

## ਆਤਮ ਹੱਤਿਆ ਦਾ ਫ਼ਲ

**ਪ੍ਰਸ਼ਨਕਰਤਾ :** ਕੋਈ ਮਨੁੱਖ ਜੇ ਆਤਮ ਹੱਤਿਆ ਕਰੇ ਤਾਂ ਉਸਦੀ ਕੀ ਗਤੀ ਹੁੰਦੀ ਹੈ? ਭੂਤ-ਪ੍ਰੇਤ ਬਣਦਾ ਹੈ?

**ਦਾਦਾਸ਼੍ਰੀ :** ਆਤਮ ਹੱਤਿਆ ਕਰਨ ਨਾਲ ਤਾਂ ਪ੍ਰੇਤ ਬਣਦਾ ਹੈ ਅਤੇ ਪ੍ਰੇਤ ਬਣ ਕੇ ਭਟਕਣਾ ਪੈਂਦਾ ਹੈ। ਇਸ ਲਈ ਆਤਮ ਹੱਤਿਆ ਕਰਕੇ ਉਲਟੇ ਉਪਾਧੀਆਂ ਮੁੱਲ ਲੈਂਦਾ ਹੈ। ਇੱਕ ਵਾਰ ਆਤਮ ਹੱਤਿਆ ਕਰੇ, ਉਸ ਤੋਂ ਬਾਅਦ ਕਿੰਨੇ ਹੀ ਜਨਮਾਂ ਤੱਕ ਉਸਦਾ ਪ੍ਰਤੀਘੋਸ਼ ਗੂੰਜਦਾ ਰਹਿੰਦਾ ਹੈ! ਅਤੇ ਇਹ ਜੋ ਆਤਮ ਹੱਤਿਆ ਕਰਦਾ ਹੈ, ਉਹ ਕੋਈ ਨਵਾਂ ਨਹੀਂ ਕਰ ਰਿਹਾ ਹੈ। ਇਹ ਤਾਂ ਪਿਛਲੇ ਜਨਮ ਵਿੱਚ ਆਤਮ ਹੱਤਿਆ ਕੀਤੀ ਸੀ, ਉਸਦੇ ਪ੍ਰਤੀਘੋਸ਼ ਨਾਲ ਕਰਦਾ ਹੈ। ਇਹ ਜੋ ਆਤਮ ਹੱਤਿਆ ਕਰਦਾ ਹੈ, ਉਹ ਤਾਂ ਪਿਛਲੇ ਕੀਤੇ ਹੋਏ ਆਤਮਘਾਤ ਕਰਮ ਦਾ ਫ਼ਲ ਆਉਂਦਾ ਹੈ। ਇਸ ਲਈ ਆਪਣੇ ਆਪ ਹੀ ਆਤਮ ਹੱਤਿਆ ਕਰਦਾ ਹੈ। ਇਹੋ ਜਿਹੇ ਪ੍ਰਤੀਘੋਸ਼ ਪਏ ਹੁੰਦੇ ਹਨ ਕਿ ਉਹ ਉਵੇਂ ਦਾ ਉਵੇਂ ਹੀ ਕਰਦਾ ਅਇਆ ਹੁੰਦਾ ਹੈ। ਇਸ ਲਈ ਆਪਣੇ ਆਪ ਆਤਮ ਹੱਤਿਆ ਕਰਦਾ ਹੈ ਅਤੇ ਆਤਮ ਹੱਤਿਆ ਹੋਣ ਤੋਂ ਬਾਅਦ ਫਿਰ ਅਵਗਤੀ ਵਾਲਾ ਜੀਵ ਬਣ ਜਾਂਦਾ ਹੈ। ਅਵਗਤੀ ਅਰਥਾਤ ਦੇਹ ਤੋਂ ਬਿਨਾਂ ਭਟਕਦਾ ਹੈ। ਭੂਤ ਬਣਨਾ ਕੁੱਝ ਆਸਾਨ ਨਹੀਂ ਹੈ। ਭੂਤ ਤਾਂ ਦੇਵਗਤੀ ਦਾ ਅਵਤਾਰ ਹੈ, ਉਹ ਆਸਾਨ ਚੀਜ਼ ਨਹੀਂ ਹੈ। ਭੂਤ ਤਾਂ ਇੱਥੇ ਕਠੋਰ ਤਪ ਕੀਤੇ ਹੋਣ, ਅਗਿਆਨ ਤਪ ਕੀਤੇ ਹੋਣ, ਤਾਂ ਭੂਤ ਬਣਦਾ ਹੈ, ਜਦੋਂ ਕਿ ਪ੍ਰੇਤ ਅਲੱਗ ਵਸਤੂ ਹੈ।

## ਵਿਕਲਪ ਬਿਨਾਂ ਜੀਅ ਨਹੀਂ ਸਕਦੇ

**ਪ੍ਰਸ਼ਨਕਰਤਾ :** ਆਤਮ ਹੱਤਿਆ ਦੇ ਵਿਚਾਰ ਕਿਉਂ ਆਉਂਦੇ ਹੋਣਗੇ?

**ਦਾਦਾਸ਼੍ਰੀ :** ਉਹ ਤਾਂ ਅੰਦਰ ਵਿਕਲਪ ਖਤਮ ਹੋ ਜਾਂਦੇ ਹਨ ਇਸ ਲਈ। ਇਹ ਤਾਂ ਵਿਕਲਪ ਦੇ ਆਧਾਰ ਤੇ ਜੀਆ (ਜ਼ਿੰਦਾ ਰਿਹਾ) ਜਾਂਦਾ ਹੈ। ਵਿਕਲਪ ਖਤਮ ਹੋ ਜਾਂਣ, ਫਿਰ ਹੁਣ ਕੀ ਕਰਨਾ, ਉਸਦਾ ਕੋਈ ਦਰਸ਼ਨ ਦਿਖਦਾ ਨਹੀਂ ਹੈ, ਇਸ ਲਈ ਫਿਰ ਆਤਮ ਹੱਤਿਆ ਕਰਨ ਦੀ ਸੋਚਦਾ ਹੈ। ਇਸ ਲਈ ਇਹ ਵਿਕਲਪ ਵੀ ਕੰਮ ਦੇ ਹੀ ਹਨ।

ਸਹਿਜ ਵਿਚਾਰ ਬੰਦ ਹੋ ਜਾਣ, ਤਾਂ ਇਹ ਸਭ ਉਲਟੇ ਵਿਚਾਰ ਆਉਂਦੇ ਹਨ। ਵਿਕਲਪ ਬੰਦ ਹੋਣ ਇਸ ਲਈ ਜੋ ਸਹਿਜ ਵਿਚਾਰ ਆਉਂਦੇ ਹੋਣ, ਉਹ

ਵੀ ਬੰਦ ਹੋ ਜਾਂਦੇ ਹਨ। ਘੋਰ ਹਨੇਰਾ ਹੋ ਜਾਂਦਾ ਹੈ। ਫਿਰ ਕੁੱਝ ਦਿਖਦਾ ਨਹੀਂ ਹੈ! ਸੰਕਲਪ ਅਰਥਾਤ 'ਮੇਰਾ' ਅਤੇ ਵਿਕਲਪ ਅਰਥਾਤ 'ਮੈਂ'। ਉਹ ਦੋਵੇਂ ਬੰਦ ਹੋ ਜਾਣ, ਤਾਂ ਮਰ ਜਾਣ ਦੇ ਵਿਚਾਰ ਆਉਂਦੇ ਹਨ।

## ਆਤਮ ਹੱਤਿਆ ਦੇ ਕਾਰਣ

**ਪ੍ਰਸ਼ਨਕਰਤਾ :** ਉਹ ਜੋ ਉਸਨੂੰ ਵਿਰਤੀ ਹੋਈ, ਆਤਮ ਹੱਤਿਆ ਕਰਨ ਦੀ, ਉਸਦਾ ਰੂਟ (ਮੂਲ) ਕੀ ਹੈ?

**ਦਾਦਾਸ਼੍ਰੀ :** ਆਤਮ ਹੱਤਿਆ ਦਾ ਰੂਟ ਤਾਂ ਇਹੋ ਜਿਹਾ ਹੁੰਦਾ ਹੈ ਕਿ ਉਸਨੇ ਕਿਸੇ ਜਨਮ ਵਿੱਚ ਆਤਮ ਹੱਤਿਆ ਕੀਤੀ ਹੋਵੇ ਤਾਂ ਉਸਦੇ ਪ੍ਰਤੀਘੋਸ਼ ਸੱਤ ਜਨਮਾਂ ਤੱਕ ਰਿਹਾ ਕਰਦੇ ਹਨ। ਜਿਵੇਂ ਆਪਾਂ ਇੱਕ ਗੇਂਦ ਸੁੱਟੀਏ, ਆਪਾਂ ਤਿੰਨ ਫੁੱਟ ਉੱਪਰ ਤੋਂ ਸੁੱਟੀਏ, ਤਾਂ ਆਪਣੇ-ਆਪ ਦੂਸਰੀ ਵਾਰ ਢਾਈ ਫੁੱਟ ਉੱਛਲ ਕੇ ਵਾਪਸ ਗਿਰੇਗੀ। ਫਿਰ ਇੱਕ ਫੁੱਟ ਉੱਛਲ ਕੇ ਵਾਪਸ ਗਿਰੇਗੀ, ਏਦਾਂ ਹੁੰਦਾ ਹੈ ਕਿ ਨਹੀਂ? ਤਿੰਨ ਫੁੱਟ ਪੂਰਾ ਨਹੀਂ ਉੱਛਲਦੀ, ਪਰ ਆਪਣੇ ਸੁਭਾਅ ਨਾਲ ਢਾਈ ਫੁੱਟ ਉੱਛਲ ਕੇ ਵਾਪਸ ਡਿੱਗਦੀ ਹੈ, ਤੀਸਰੀ ਵਾਰ ਦੋ ਫੁੱਟ ਉੱਛਲ ਕੇ ਵਾਪਸ ਡਿੱਗਦੀ ਹੈ, ਚੌਥੀ ਵਾਰ ਡੇਢ ਫੁੱਟ ਉੱਛਲ ਕੇ ਵਾਪਸ ਡਿੱਗਦੀ ਹੈ। ਫਿਰ ਇੱਕ ਫੁੱਟ ਉੱਛਲ ਕੇ ਡਿੱਗਦੀ ਹੈ। ਇਸ ਤਰ੍ਹਾਂ ਗਤੀ ਦਾ ਨਿਯਮ ਹੁੰਦਾ ਹੈ। ਇਸ ਤਰ੍ਹਾਂ ਕੁਦਰਤ ਦੇ ਵੀ ਨਿਯਮ ਹੁੰਦੇ ਹਨ। ਉਹ ਇਹ ਆਤਮ ਹੱਤਿਆ ਕਰੇ, ਤਾਂ ਸੱਤ ਜਨਮਾਂ ਤੱਕ ਆਤਮ ਹੱਤਿਆ ਕਰਨੀ ਹੀ ਪੈਂਦੀ ਹੈ। ਹੁਣ ਉਸ ਵਿੱਚ ਘੱਟ-ਵੱਧ ਪਰਿਣਾਮ ਨਾਲ ਆਤਮ ਹੱਤਿਆ ਸਾਨੂੰ ਪੂਰੀ ਹੀ ਦਿਖਦੀ ਹੈ, ਪਰ ਪਰਿਣਾਮ ਘੱਟ ਤੀਵਰਤਾ ਵਾਲੇ ਹੁੰਦੇ ਹਨ ਅਤੇ ਘੱਟ ਹੁੰਦੇ-ਹੁੰਦੇ, ਪਰਿਣਾਮ ਖਤਮ ਹੋ ਜਾਂਦੇ ਹਨ।

## ਆਖ਼ਰੀ ਪਲਾਂ ਵਿੱਚ

ਮਰਦੇ ਸਮੇਂ ਸਾਰੀ ਜ਼ਿੰਦਗੀ ਵਿੱਚ ਜੋ ਕੀਤਾ ਹੋਵੇ, ਉਸਦਾ ਸਾਰ (ਹਿਸਾਬ) ਆਉਂਦਾ ਹੈ। ਉਹ ਸਾਰ ਪੌਣੇ ਘੰਟੇ ਤੱਕ ਪੜਦਾ ਰਹੇ, ਫਿਰ ਦੇਹ ਬੰਧ ਜਾਂਦਾ ਹੈ। ਫ਼ਲਸਵਰੂਪ ਦੋ ਪੈਰਾਂ ਵਿੱਚੋਂ ਚਾਰ ਪੈਰ ਹੋ ਜਾਂਦੇ ਹਨ। ਇੱਥੇ

ਰੋਟੀ ਖਾਂਦੇ-ਖਾਂਦੇ, ਉੱਥੇ ਟਾਂਡੇ (ਘਾਹ) ਖਾਣਾ! ਇਸ ਕਲਿਯੁਗ ਦਾ ਮਹਾਤਮ ਇਹੋ ਜਿਹਾ ਹੈ। ਇਸ ਲਈ ਇਹ ਮਨੁੱਖਪਨ ਫਿਰ ਮਿਲਣਾ ਮੁਸ਼ਕਿਲ ਹੈ, ਇਹੋ ਜਿਹਾ ਇਹ ਕਲਿਯੁਗ ਦਾ ਕਾਲ....

**ਪ੍ਰਸ਼ਨਕਰਤਾ :** ਆਖ਼ਰੀ ਸਮੇਂ ਕਿਸਨੂੰ ਪਤਾ ਹੈ ਕਿ ਕੰਨ ਬੰਦ ਹੋ ਜਾਵੇ?

**ਦਾਦਾਸ਼੍ਰੀ :** ਆਖਰੀ ਸਮੇਂ ਵਿੱਚ ਤਾਂ ਅੱਜ ਜੋ ਤੁਹਾਡੇ ਬਹੀਖਾਤੇ ਵਿੱਚ ਜਮ੍ਹਾ ਹੈ ਨਾ, ਉਹ ਆਉਂਦਾ ਹੈ। ਮਰਨ ਸਮੇਂ ਦਾ ਘੰਟਾ, ਜੋ ਗੁਣਸਥਾਨ ਆਉਂਦਾ ਹੈ ਨਾ, ਉਹ ਸਾਰ ਹੈ ਅਤੇ ਉਹ ਲੇਖਾ-ਜੋਖਾ ਸਿਰਫ਼ ਸਾਰੀ ਜ਼ਿੰਦਗੀ ਦਾ ਨਹੀਂ, ਪਰੰਤੂ ਪਹਿਲਾਂ ਜੋ ਜਨਮ ਲਿਆ ਅਤੇ ਬਾਅਦ ਦਾ, ਉਸ ਵਿੱਚਕਾਰ ਦੇ ਭਾਗ ਦਾ ਲੇਖਾ-ਜੋਖਾ ਹੈ। ਉਹ ਮਰਨ ਦੀ ਘੜੀ ਵਿੱਚ ਆਪਣੇ ਲੋਕ, ਕੰਨ ਵਿੱਚ ਬੁਲਵਾਉਂਦੇ ਹਨ, 'ਬੋਲੋ ਰਾਮ, ਬੋਲੋ ਰਾਮ,' ਓਏ ਮਰਜਾਣਿਆ, ਰਾਮ ਕਿਉਂ ਬੁਲਵਾਉਂਦਾ ਹੈਂ? ਰਾਮ ਤਾਂ ਗਏ ਕਦੋਂ ਦੇ!

ਪਰ ਲੋਕਾਂ ਨੇ ਸਿਖਾਇਆ ਏਦਾਂ, ਕਿ ਇਹੋ ਜਿਹਾ ਕੁੱਝ ਕਰਨਾ। ਪਰ ਉਹ ਤਾਂ ਅੰਦਰ ਪੁੰਨ ਜਾਗਿਆ ਹੋਵੇ ਨਾ, ਤਾਂ ਐਡਜਸਟ ਹੁੰਦਾ ਹੈ ਅਤੇ ਉਹ ਤਾਂ ਲੜਕੀ ਨੂੰ ਵਿਆਉਣ ਦੀ ਚਿੰਤਾ ਵਿੱਚ ਹੀ ਪਿਆ ਹੁੰਦਾ ਹੈ। ਇਹ ਤਿੰਨ ਲੜਕੀਆਂ ਵਿਆਹ ਦਿੱਤੀਆਂ ਅਤੇ ਇਹ ਚੌਥੀ ਰਹਿ ਗਈ। ਇਹ ਤਿੰਨ ਵਿਆਹ ਦਿੱਤੀਆਂ ਅਤੇ ਛੋਟੀ ਇਕੱਲੀ ਰਹਿ ਗਈ। ਰਕਮ ਕਰੀ ਕਿ ਉਹ ਅੱਗੇ ਆ ਕੇ ਖੜੀ ਰਹੇਗੀ ਅਤੇ ਉਹ ਬਚਪਨ ਵਿੱਚ ਚੰਗਾ ਕੀਤਾ ਹੋਇਆ ਨਹੀਂ ਆਵੇਗਾ, ਬੁਢਾਪੇ ਵਿੱਚ ਚੰਗਾ ਕੀਤਾ ਹੋਇਆ ਆਵੇਗਾ।

## ਕੁਦਰਤ ਦਾ ਕਿੰਨਾ ਸੋਹਣਾ ਕਾਨੂੰਨ!

ਸੋ: ਇੱਥੇ ਤੋਂ ਜਾਂਦਾ ਹੈ, ਉਹ ਵੀ ਕੁਦਰਤ ਦਾ ਨਿਆਂ, ਠੀਕ ਹੈ ਨਾ! ਪਰ ਵੀਤਰਾਗ ਸਾਵਧਾਨ ਕਰਦੇ ਹਨ ਕਿ ਭਾਈ ਪੰਜਾਹ ਸਾਲ ਹੋ ਗਏ ਹੁਣ ਸੰਭਲ ਜਾ!

ਪਚੱਤਰ ਸਾਲ ਦੀ ਉਮਰ ਹੋਵੇ ਤਾਂ ਪੰਜਾਹ ਸਾਲ ਵਿੱਚ ਪਹਿਲੀ ਫੋਟੋ ਖਿੱਚਦੀ ਹੈ ਅਤੇ ਸੱਠ ਸਾਲ ਦੀ ਉਮਰ ਹੋਵੇ, ਤਾਂ ਚਾਲੀਵੇਂ ਸਾਲ ਵਿੱਚ ਫੋਟੋ ਖਿੱਚਦੀ ਹੈ। ਇਕਿਆਸੀ ਸਾਲ ਦੀ ਉਮਰ ਹੋਵੇ ਤਾਂ ਚਰੰਜਵੇ ਸਾਲ ਵਿੱਚ

ਫੋਟੋ ਖਿੱਚ ਜਾਂਦੀ ਹੈ। ਪਰ ਉਦੋਂ ਤੱਕ ਇੰਨਾ ਟਾਈਮ ਫ੍ਰੀ ਆਫ਼ ਕੱਾਸਟ (ਮੁਫ਼ਤ) ਮਿਲਦਾ ਹੈ, ਦੋ ਤਿਹਾਈ ਹਿੱਸਾ ਫ਼ਰੀ ਮਿਲਦਾ ਹੈ ਅਤੇ ਇੱਕ ਤਿਹਾਈ ਭਾਗ, ਉਸਦੀ ਫਿਰ ਫੋਟੋ ਖਿੱਚਦੀ ਰਹਿੰਦੀ ਹੈ। ਕਾਨੂੰਨ ਚੰਗਾ ਹੈ ਜਾਂ ਜ਼ੋਰ-ਜ਼ਬਰਦਸਤੀ ਵਾਲਾ ਹੈ? ਜ਼ੋਰ-ਜ਼ਬਰਦਸਤੀ ਵਾਲਾ ਨਹੀਂ ਹੈ ਨਾ? ਨਿਆਂ ਸੰਗਤ ਹੈ ਨਾ? ਦੋ ਤਿਹਾਈ ਉੱਛਲ-ਕੁੱਦ ਕੀਤੀ ਹੋਵੇ, ਉਸਦੀ ਸਾਨੂੰ ਆਪੱਤੀ ਨਹੀਂ ਹੈ, ਪਰ ਹੁਣ ਸਿੱਧਾ ਮਰ ਨਾ, ਕਹਿੰਦੇ ਹਨ!

## ਪਲ-ਪਲ ਭਾਵ ਮਰਨ

**ਪ੍ਰਸ਼ਨਕਰਤਾ :** ਦੇਹ ਦਾ ਮਰਨ ਤਾਂ ਕਹਾਉਂਦਾ ਹੈ ਨਾ?

**ਦਾਦਾਸ਼੍ਰੀ :** ਅਗਿਆਨੀ ਮਨੁੱਖਾਂ ਦਾ ਤਾਂ ਦੋ ਤਰ੍ਹਾਂ ਦਾ ਮਰਨ ਹੁੰਦਾ ਹੈ। ਰੋਜ਼ ਭਾਵ ਮਰਨ ਹੁੰਦਾ ਰਹਿੰਦਾ ਹੈ। ਪਲ-ਪਲ (ਛਿਣ-ਛਿਣ) ਭਾਵ ਮਰਨ ਅਤੇ ਫਿਰ ਆਖਰ ਦੇਹ ਦੀ ਮੌਤ ਹੁੰਦੀ ਹੈ। ਪਰ ਹਰ ਰੋਜ਼ ਉਸਦੇ ਮਰਨ, ਰੋਣਾਂ ਰੋਜ਼ ਦਾ। ਛਿਣ-ਛਿਣ ਭਾਵ ਮਰਨ। ਇਸ ਲਈ ਕਿਰਪਾਲੂਦੇਵ ਨੇ ਲਿਖਿਆ ਹੈ ਨਾ!

'ਛਿਣ-ਛਿਣ ਭਿਅੰਕਰ ਭਾਵ ਮਰਨੇ ਕਾ ਅਹੋ ਰਾਚੀ ਰਹਯੋ!'

(ਪਲ-ਪਲ ਭਿਅੰਕਰ ਭਾਵ ਮਰਨ, ਕਿਉਂ ਓਏ ਪ੍ਰਸੰਨ ਹੈਂ!)

ਇਹ ਸਭ ਜੀ ਰਹੇ ਹਨ, ਉਹ ਮਰਨ ਦੇ ਲਈ ਜਾਂ ਕਿਸ ਲਈ ਜੀ ਰਹੇ ਹਨ?

## ਸਮਾਧੀ ਮਰਨ

ਇਸ ਲਈ ਮੌਤ ਨੂੰ ਕਹੋ ਕਿ "ਤੂੰ ਜਲਦੀ ਆਉਂਣਾ ਹੋਵੇ ਤਾਂ ਜਲਦੀ ਆ, ਦੇਰ ਨਾਲ ਆਉਂਣਾ ਹੋਵੇ ਤਾਂ ਦੇਰ ਨਾਲ ਆ, ਪਰ 'ਸਮਾਧੀ ਮਰਨ' ਬਣ ਕੇ ਆਉਣਾ!"

ਸਮਾਧੀ ਮਰਨ ਅਰਥਾਤ ਆਤਮਾ ਤੋਂ ਸਿਵਾ ਹੋਰ ਕੁੱਝ ਯਾਦ ਹੀ ਨਾ ਹੋਵੇ। ਨਿੱਜ ਸਵਰੂਪ ਸ਼ੁੱਧਾਤਮਾ ਤੋਂ ਇਲਾਵਾ ਦੂਸਰੀ ਜਗ੍ਹਾ ਚਿੱਤ ਹੀ ਨਾ

ਹੋਵੇ, ਮਨ-ਬੁੱਧੀ-ਚਿਤ-ਅਹੰਕਾਰ, ਕੁੱਝ ਵੀ ਡਾਵਾਂਡੋਲ ਨਾ ਹੋਵੇ! ਨਿਰੰਤਰ ਸਮਾਧੀ! ਦੇਹ ਨੂੰ ਉਪਾਧੀ ਹੋਵੇ, ਫਿਰ ਵੀ ਉਪਾਧੀ ਛੂਏ ਨਾ! ਦੇਹ ਤਾਂ ਉਪਾਧੀ ਵਾਲਾ ਹੈ ਕਿ ਨਹੀਂ?

**ਪ੍ਰਸ਼ਨਕਰਤਾ :** ਹਾਂ।

**ਦਾਦਾਸ਼੍ਰੀ :** ਕੇਵਲ ਉਪਾਧੀ ਵਾਲਾ ਹੀ ਨਹੀਂ, ਵਿਆਧੀ ਵਾਲਾ ਵੀ ਹੈ ਜਾਂ ਨਹੀਂ? ਗਿਆਨੀ ਨੂੰ ਉਪਾਧੀ ਛੂੰਹਦੀ ਨਹੀਂ। ਵਿਆਧੀ ਹੋਈ ਹੋਵੇ ਤਾਂ ਉਹ ਵੀ ਛੂੰਹਦੀ ਨਹੀਂ ਅਤੇ ਅਗਿਆਨੀ ਤਾਂ ਵਿਆਧੀ ਨਾ ਹੋਵੇ, ਤਾਂ ਵੀ ਉਸਨੂੰ ਬੁਲਾਉਂਦਾ ਹੈ! ਸਮਾਧੀ ਮਰਨ ਅਰਥਾਤ 'ਮੈਂ ਸ਼ੁੱਧਾਤਮਾ ਹਾਂ' ਇਹ ਭਾਨ ਰਹੇ! ਆਪਣੇ ਕਿੰਨੇ ਹੀ ਮਹਾਤਮਾਵਾਂ ਦੀ ਮ੍ਰਿਤਯੂ ਹੋਈ, ਉਹਨਾਂ ਸਭ ਨੂੰ 'ਮੈਂ ਸ਼ੁੱਧਾਤਮਾ ਹਾਂ, ਮੈਂ ਸ਼ੁੱਧਾਤਮਾ ਹਾਂ' ਇਹ ਭਾਨ ਰਿਹਾ ਕਰਦਾ ਸੀ।

## ਗਤੀ ਦੀ ਨਿਸ਼ਾਨੀ

**ਪ੍ਰਸ਼ਨਕਰਤਾ :** ਮੌਤ ਸਮੇਂ ਇਹੋ ਜਿਹੀ ਕੋਈ ਨਿਸ਼ਾਨੀ ਹੈ ਕਿ ਪਤਾ ਚੱਲੇ ਕਿ ਇਸ ਜੀਵ ਦੀ ਗਤੀ ਚੰਗੀ ਹੋਈ ਜਾਂ ਨਹੀਂ?

**ਦਾਦਾਸ਼੍ਰੀ :** ਉਸ ਸਮੇਂ, ਮੇਰੀ ਲੜਕੀ ਵਿਆਹੀ ਜਾਂ ਨਹੀਂ? ਏਦਾਂ ਹੋਇਆ ਨਹੀਂ ਹੈ। ਏਦਾਂ ਸਭ ਘਰ ਦੀ ਹੀ ਭੇਜਾਫੋੜੀ (ਸਿਰ-ਖਪਾਈ) ਕਰਦੇ ਰਹਿੰਦੇ ਹਨ। ਉਪਾਧੀ ਕਰਦੇ ਰਹਿੰਦੇ ਹਨ। ਇਸ ਲਈ ਸਮਝਣਾ ਕਿ ਇਸਦੀ ਹੋ ਗਈ ਅਧੋਗਤੀ ਅਤੇ ਆਤਮਾ ਵਿੱਚ ਰਹਿੰਦਾ ਹੋਵੇ ਅਰਥਾਤ ਭਗਵਾਨ ਵਿੱਚ ਰਹਿੰਦਾ ਹੋਵੇ ਤਾਂ ਚੰਗੀ ਗਤੀ ਹੋਈ।

**ਪ੍ਰਸ਼ਨਕਰਤਾ :** ਪਰ ਬੇਹੋਸ਼ ਰਹੇ ਥੋੜੇ ਦਿਨ, ਤਾਂ?

**ਦਾਦਾਸ਼੍ਰੀ :** ਬੇਹੋਸ਼ ਰਹੇ, ਫਿਰ ਵੀ ਅੰਦਰ ਜੇ ਗਿਆਨ ਵਿੱਚ ਹੋਵੇ ਤਾਂ ਚੱਲੇਗਾ। ਇਹ ਗਿਆਨ ਲਿਆ ਹੋਇਆ ਹੋਣਾ ਚਾਹੀਦਾ ਹੈ। ਫਿਰ ਬੇਹੋਸ਼ ਹੋਵੇ ਤਾਂ ਵੀ ਚੱਲੇਗਾ।

## ਮੌਤ ਦਾ ਭੈਅ

**ਪ੍ਰਸ਼ਨਕਰਤਾ :** ਮੌਤ ਦਾ ਭੈਅ ਕਿਉਂ ਰਹਿੰਦਾ ਹੈ ਸਭ ਨੂੰ?

**ਦਾਦਾਸ਼੍ਰੀ :** ਮੌਤ ਦਾ ਭੈਅ ਤਾਂ ਅਹੰਕਾਰ ਨੂੰ ਰਹਿੰਦਾ ਹੈ, ਆਤਮਾ ਨੂੰ ਕੁੱਝ ਨਹੀਂ। ਅਹੰਕਾਰ ਨੂੰ ਭੈਅ ਰਹਿੰਦਾ ਹੈ ਕਿ ਮੈਂ ਮਰ ਜਾਵਾਂਗਾ, ਮੈਂ ਮਰ ਜਾਵਾਂਗਾ।

## ਉਸ ਦ੍ਰਿਸ਼ਟੀ ਨਾਲ ਦੇਖੋ ਤਾਂ ਸਹੀ

ਏਦਾਂ ਹੈ ਨਾ, ਭਗਵਾਨ ਦੀ ਦ੍ਰਿਸ਼ਟੀ ਨਾਲ ਇਸ ਸੰਸਾਰ ਵਿੱਚ ਕੀ ਚੱਲ ਰਿਹਾ ਹੈ? ਤਾਂ ਕਹੀਏ, ਉਹਨਾਂ ਦੀ ਦ੍ਰਿਸ਼ਟੀ ਨਾਲ ਤਾਂ ਕੋਈ ਮਰਦਾ ਹੀ ਨਹੀਂ। ਭਗਵਾਨ ਦੀ ਦ੍ਰਿਸ਼ਟੀ ਹੈ, ਉਹ ਦ੍ਰਿਸ਼ਟੀ ਜੇ ਤੁਹਾਨੂੰ ਪ੍ਰਾਪਤ ਹੋਵੇ, ਇੱਕ ਦਿਨ ਦੇ ਲਈ ਦੇਈਏ ਉਹ ਤੁਹਾਨੂੰ, ਤਾਂ ਜਿੱਥੇ ਚਾਹੇ ਜਿੰਨੇ ਲੋਕ ਮਰ ਜਾਣ, ਫਿਰ ਵੀ ਤੁਹਾਨੂੰ ਅਸਰ ਨਹੀਂ ਹੋਵੇਗਾ, ਕਿਉਂਕਿ ਭਗਵਾਨ ਦੀ ਦ੍ਰਿਸ਼ਟੀ ਵਿੱਚ ਕੋਈ ਮਰਦਾ ਹੀ ਨਹੀਂ ਹੈ।

## ਜੀਵ ਤਾਂ ਮਰਨ - ਸ਼ਿਵ ਤਾਂ ਅਮਰ

ਕਦੇ ਨਾ ਕਦੇ ਸਲਿਊਸ਼ਨ ਤਾਂ ਲਿਆਉਣਾ ਪਵੇਗਾ ਨਾ? ਜੀਵਨ-ਮ੍ਰਿਤਯੂ ਦਾ ਸਲਿਊਸ਼ਨ ਨਹੀਂ ਲਿਆਉਣਾ ਪਵੇਗਾ? ਅਸਲ ਵਿੱਚ ਖੁਦ ਮਰਦਾ ਹੀ ਨਹੀਂ ਹੈ ਅਤੇ ਅਸਲ ਵਿੱਚ ਜਿਉਂਦਾ ਵੀ ਨਹੀਂ ਹੈ। ਇਹ ਤਾਂ ਮਾਨਤਾ ਵਿੱਚ ਹੀ ਭੁੱਲ ਹੈ ਕਿ ਖੁਦ ਨੂੰ ਜੀਵ ਮੰਨ ਬੈਠਿਆ ਹੈ। ਖੁਦ ਦਾ ਸਵਰੂਪ ਸ਼ਿਵ ਹੈ। ਖੁਦ ਸ਼ਿਵ ਹੈ, ਪਰ ਇਹ ਖੁਦ ਦੀ ਸਮਝ ਵਿੱਚ ਨਹੀਂ ਆਉਂਦਾ ਅਤੇ ਖੁਦ ਨੂੰ ਜੀਵ ਸਵਰੂਪ ਮੰਨ ਬੈਠਾ ਹੈ!

**ਪ੍ਰਸ਼ਨਕਰਤਾ :** ਇਸ ਤਰ੍ਹਾਂ ਹਰੇਕ ਜੀਵ ਨੂੰ ਸਮਝ ਵਿੱਚ ਆਉਂਦਾ ਹੋਵੇ ਤਾਂ ਇਹ ਦੁਨੀਆਂ ਚੱਲੇ ਹੀ ਨਾ?

**ਦਾਦਾਸ਼੍ਰੀ :** ਹਾਂ, ਚੱਲੇ ਹੀ ਨਹੀਂ ਨਾ! ਪਰੰਤੂ ਉਦੋਂ ਹਰੇਕ ਵਿਅਕਤੀ ਨੂੰ ਇਹ ਸਮਝ ਵਿੱਚ ਆਵੇ ਏਦਾਂ ਵੀ ਨਹੀਂ ਹੈ! ਇਹ ਤਾਂ ਪਜ਼ਲ ਹੈ ਸਭ। ਅਤਿਅੰਤ ਡੂੰਘਾ (ਗਹਿਰਾ), ਅਤਿਅੰਤ ਡੂੰਘੇ ਤੋਂ ਵੀ ਡੂੰਘਾ। ਇਸ ਗਹਿਰਾਈ ਦੇ ਕਾਰਣ ਹੀ ਇਹ ਸਭ ਇਸ ਤਰ੍ਹਾਂ ਪੋਲਮਪੋਲ ਜਗਤ ਚਲਦਾ ਰਹਿੰਦਾ ਹੈ।

## ਜੀਵੇ-ਮਰੇ, ਉਹ ਕੌਣ?

ਇਹ ਜਨਮ-ਮਰਨ ਆਤਮਾ ਦੇ ਨਹੀਂ ਹਨ। ਆਤਮਾ ਪਰਮਾਨੈਂਟ ਵਸਤੂ ਹੈ। ਇਹ ਜਨਮ-ਮਰਨ ਈਗੋਇਜ਼ਮ, ਅਹੰਕਾਰ ਦੇ ਹਨ। ਈਗੋਇਜ਼ਮ ਜਨਮ ਲੈਂਦਾ ਹੈ ਅਤੇ ਈਗੋਇਜ਼ਮ ਮਰਦਾ ਹੈ। ਅਸਲ ਵਿੱਚ ਆਤਮਾ ਖੁਦ ਮਰਦਾ ਹੀ ਨਹੀਂ ਹੈ। ਅਹੰਕਾਰ ਹੀ ਜੰਮਦਾ ਹੈ ਅਤੇ ਅਹੰਕਾਰ ਹੀ ਮਰਦਾ ਹੈ।

## ਮਰਨ ਸਮੇਂ ਪਹਿਲਾਂ ਅਤੇ ਬਾਅਦ...
## ਆਤਮਾ ਦੀ ਸਥਿਤੀ ਜਨਮ-ਮਰਨ ਕੀ ਹੈ?

**ਪ੍ਰਸ਼ਨਕਰਤਾ :** ਜਨਮ-ਮਰਨ ਕੀ ਹੈ?

**ਦਾਦਾਸ਼੍ਰੀ :** ਜਨਮ-ਮਰਨ ਤਾਂ ਹੁੰਦੇ ਹਨ, ਅਸੀਂ ਦੇਖਦੇ ਹਾਂ ਕਿ ਉਸ ਵਿੱਚ ਕੀ ਹੈ, ਉਸ ਵਿੱਚ ਕੁੱਝ ਪੁੱਛਣ ਵਰਗਾ ਨਹੀਂ ਹੈ। ਜਨਮ-ਮਰਨ ਅਰਥਾਤ ਉਸਦੇ ਕਰਮ ਦਾ ਹਿਸਾਬ ਪੂਰਾ ਹੋ ਗਿਆ, ਇੱਕ ਅਵਤਾਰ ਦਾ ਜੋ ਹਿਸਾਬ ਬੰਨਿਆ ਸੀ, ਉਹ ਪੂਰਾ ਹੋ ਗਿਆ, ਇਸ ਲਈ ਮਰਨ ਹੋ ਜਾਂਦਾ ਹੈ।

## ਮੌਤ ਕੀ ਹੈ?

**ਪ੍ਰਸ਼ਨਕਰਤਾ :** ਮੌਤ ਕੀ ਹੈ?

**ਦਾਦਾਸ਼੍ਰੀ :** ਮੌਤ ਤਾਂ, ਏਦਾਂ ਹੈ ਨਾ, ਇਹ ਕਮੀਜ਼ ਸਿਲਵਾਈ ਅਰਥਾਤ ਕਮੀਜ਼ ਦਾ ਜਨਮ ਹੋਇਆ ਨਾ, ਅਤੇ ਜਨਮ ਹੋਇਆ, ਇਸ ਲਈ ਮੌਤ ਹੋਏ ਬਿਨਾਂ ਰਹਿੰਦੀ ਹੀ ਨਹੀਂ! ਕਿਸੇ ਵੀ ਵਸਤੂ ਦਾ ਜਨਮ ਹੁੰਦਾ ਹੈ, ਉਸਦੀ ਮੌਤ

ਹੁੰਦੀ ਹੀ ਹੈ ਅਤੇ ਆਤਮਾ ਅਜਨਮ-ਅਮਰ ਹੈ, ਉਸਦੀ ਮੌਤ ਹੀ ਨਹੀਂ ਹੁੰਦੀ। ਮਤਲਬ ਜਿੰਨੀਆਂ ਵਸਤੂਆਂ ਜੰਮਦੀਆਂ ਹਨ, ਉਹਨਾਂ ਦੀ ਮੌਤ ਹੁੰਦੀ ਹੀ ਹੈ ਅਤੇ ਮੌਤ ਹੈ ਤਾਂ ਜਨਮ ਪਾਉਣਗੀਆਂ। ਜਨਮ ਦੇ ਨਾਲ ਮੌਤ ਜੁੜੀ ਹੋਈ ਹੈ। ਜਨਮ ਹੋਵੇ, ਉੱਥੇ ਮੌਤ ਜ਼ਰੂਰ ਹੁੰਦੀ ਹੀ ਹੈ!

**ਪ੍ਰਸ਼ਨਕਰਤਾ :** ਮੌਤ ਕਿਸ ਲਈ ਹੈ?

**ਦਾਦਾਸ਼੍ਰੀ :** ਮੌਤ ਤਾਂ ਏਦਾਂ ਹੈ ਨਾ, ਇਸ ਦੇਹ ਦਾ ਜਨਮ ਹੋਇਆ ਨਾ ਉਹ ਇੱਕ ਸੰਯੋਗ ਹੈ, ਉਸਦਾ ਵਿਯੋਗ ਹੋਏ ਬਿਨਾਂ ਰਹਿੰਦਾ ਹੀ ਨਹੀਂ ਨਾ! ਸੰਯੋਗ ਹਮੇਸ਼ਾ ਵਿਯੋਗੀ ਸੁਭਾਅ ਦੇ ਹੀ ਹੁੰਦੇ ਹਨ। ਅਸੀਂ ਸਕੂਲ ਵਿੱਚ ਪੜ੍ਹਨ ਗਏ ਸੀ, ਉਦੋਂ ਸ਼ੁਰੂਆਤ ਕੀਤੀ ਸੀ ਜਾਂ ਨਹੀਂ, ਬਿਗਨਿੰਗ? ਫਿਰ ਐਂਡ ਆਇਆ ਕਿ ਨਹੀਂ ਆਇਆ? ਹਰ ਇੱਕ ਚੀਜ਼ ਬਿਗਨਿੰਗ ਅਤੇ ਐਂਡਵਾਲੀ ਹੀ ਹੁੰਦੀ ਹੈ। ਇੱਥੇ ਇਹਨਾਂ ਸਭ ਚੀਜ਼ਾਂ ਦਾ ਬਿਗਨਿੰਗ ਅਤੇ ਐਂਡ ਹੁੰਦਾ ਹੈ। ਨਹੀਂ ਸਮਝ ਵਿੱਚ ਆਇਆ ਤੈਨੂੰ?

**ਪ੍ਰਸ਼ਨਕਰਤਾ :** ਸਮਝ ਵਿੱਚ ਆਇਆ ਨਾ!

**ਦਾਦਾਸ਼੍ਰੀ :** ਇਹ ਸਭ ਚੀਜ਼ਾਂ ਬਿਗਨਿੰਗ-ਐਂਡ ਵਾਲੀਆਂ, ਪਰ ਬਿਗਨਿੰਗ ਅਤੇ ਐਂਡ ਨੂੰ ਜੋ ਜਾਣਦਾ ਹੈ, ਉਹ ਜਾਣਨ ਵਾਲਾ ਕੌਣ ਹੈ?

ਬਿਗਨਿੰਗ-ਐਂਡ ਵਾਲੀਆਂ ਸਾਰੀਆਂ ਵਸਤੂਆਂ ਹਨ, ਉਹ ਟੈਂਪਰੇਰੀ (ਅਸਥਾਈ) ਵਸਤੂਆਂ ਹਨ। ਜਿਸਦਾ ਬਿਗਨਿੰਗ ਹੁੰਦਾ ਹੈ ਉਸਦਾ ਐਂਡ ਹੁੰਦਾ ਹੈ, ਬਿਗਨਿੰਗ ਹੋਵੇ ਉਸਦਾ ਐਂਡ ਜ਼ਰੂਰ ਹੁੰਦਾ ਹੀ ਹੈ। ਇਹ ਸਭ ਟੈਂਪਰੇਰੀ ਵਸਤੂਆਂ ਹਨ, ਪਰ ਟੈਂਪਰੇਰੀ ਨੂੰ ਜਾਣਨ ਵਾਲਾ ਕੌਣ ਹੈ? ਤੂੰ ਪਰਮਾਨੈਂਟ ਹੈਂ, ਕਿਉਂਕਿ ਤੂੰ ਇਹਨਾਂ ਵਸਤੂਆਂ ਨੂੰ ਟੈਂਪਰੇਰੀ ਕਹਿੰਦਾ ਹੈਂ, ਇਸ ਲਈ ਤੂੰ ਪਰਮਾਨੈਂਟ ਹੈਂ। ਜੇ ਸਾਰੀਆਂ ਵਸਤੂਆਂ ਟੈਂਪਰੇਰੀ ਹੁੰਦੀਆਂ ਤਾਂ ਫਿਰ ਟੈਂਪਰੇਰੀ ਕਹਿਣ ਦੀ ਜ਼ਰੂਰਤ ਹੀ ਨਹੀਂ ਸੀ। ਟੈਂਪਰੇਰੀ ਸਾਪੇਕਸ਼ ਸ਼ਬਦ ਹੈ। ਪਰਮਾਨੈਂਟ ਹੈ, ਤਾਂ ਟੈਂਪਰੇਰੀ ਹੈ।

## ਮੌਤ ਦਾ ਕਾਰਣ

**ਪ੍ਰਸ਼ਨਕਰਤਾ :** ਤਾਂ ਮੌਤ ਕਿਸ ਲਈ ਆਉਂਦੀ ਹੈ?

**ਦਾਦਾਸ਼੍ਰੀ :** ਉਹ ਤਾਂ ਏਦਾਂ ਹੈ, ਜਦੋਂ ਜਨਮ ਹੁੰਦਾ ਹੈ, ਉਦੋਂ ਇਹ ਮਨ-ਬਚਨ-ਕਾਇਆ ਦੀਆਂ ਤਿੰਨ ਬੈਟਰੀਆਂ ਹਨ, ਜੋ ਗਰਭ ਵਿੱਚੋਂ ਇਫ਼ੈਕਟ (ਪਰਿਣਾਮ) ਦਿੰਦੀਆਂ ਜਾਂਦੀਆਂ ਹਨ। ਉਹ ਇਫ਼ੈਕਟ ਪੂਰੇ ਹੁੰਦੇ ਹਨ, ਤਾਂ 'ਬੈਟਰੀਆਂ' ਨਾਲ ਹਿਸਾਬ ਪੂਰਾ ਹੋ ਜਾਂਦਾ ਹੈ। ਉਦੋਂ ਤੱਕ ਇਹ ਬੈਟਰੀਆਂ ਰਹਿੰਦੀਆਂ ਹਨ ਅਤੇ ਫਿਰ ਖਤਮ ਹੋ ਜਾਂਦੀਆਂ ਹਨ, ਉਸਨੂੰ ਮੌਤ ਕਹਿੰਦੇ ਹਨ। ਪਰ ਉਦੋਂ ਫਿਰ ਅਗਲੇ ਜਨਮ ਦੇ ਲਈ ਅੰਦਰ ਨਵੀਆਂ ਬੈਟਰੀਆਂ ਚਾਰਜ ਹੋ ਗਈਆਂ ਹੁੰਦੀਆਂ ਹਨ। ਅਗਲੇ ਜਨਮ ਦੇ ਲਈ ਅੰਦਰ ਨਵੀਆਂ ਬੈਟਰੀਆਂ ਚਾਰਜ ਹੁੰਦੀਆਂ ਹੀ ਰਹਿੰਦੀਆਂ ਹਨ ਅਤੇ ਪੁਰਾਣੀਆਂ 'ਬੈਟਰੀਆਂ' 'ਡਿਸਚਾਰਜ' ਹੁੰਦੀਆਂ ਹਨ। ਇਸ ਤਰ੍ਹਾਂ 'ਚਾਰਜ-ਡਿਸਚਾਰਜ' ਹੁੰਦਾ ਹੀ ਰਹਿੰਦਾ ਹੈ। ਕਿਉਂਕਿ ਉਸਨੂੰ 'ਰੌਂਗ ਬਿਲੀਫ਼' ਹੈ। ਇਸ ਲਈ 'ਕਾਜ਼ਜ਼' ਉਤਪੰਨ ਹੁੰਦੇ ਹਨ। ਜਦੋਂ ਤੱਕ 'ਰੌਂਗ ਬਿਲੀਫ਼' ਹੈ, ਉਦੋਂ ਤੱਕ ਰਾਗ-ਦਵੇਸ਼ ਅਤੇ ਕਾਜ਼ਜ਼ ਉਤਪੰਨ ਹੁੰਦੇ ਹਨ ਅਤੇ ਉਹ 'ਰੌਂਗ ਵਿਲੀਫ਼' ਬਦਲੇ ਅਤੇ 'ਰਾਈਟ ਬਿਲੀਫ਼ ਬੈਠੇ, ਤਾਂ ਫਿਰ ਰਾਗ-ਦਵੇਸ਼ ਅਤੇ 'ਕਾਜ਼ਜ਼' ਉਤਪੰਨ ਨਹੀਂ ਹੁੰਦੇ।

## ਪੁਨਰ ਜਨਮ

**ਪ੍ਰਸ਼ਨਕਰਤਾ :** ਜੀਵਾਤਮਾ ਮਰਦਾ ਹੈ, ਫਿਰ ਵਾਪਸ ਆਉਂਦਾ ਹੈ ਨਾ?

**ਦਾਦਾਸ਼੍ਰੀ :** ਏਦਾਂ ਹੈ ਨਾ, ਫੌਰਨ ਵਾਲਿਆ ਦਾ ਵਾਪਸ ਨਹੀਂ ਆਉਂਦਾ। ਮੁਸਲਿਮਾਂ ਦਾ ਵਾਪਸ ਨਹੀਂ ਆਉਂਦਾ, ਪਰ ਤੁਹਾਡਾ ਵਾਪਸ ਆਉਂਦਾ ਹੈ। ਤੁਹਾਡੇ ਤੇ ਭਗਵਾਨ ਦੀ ਇੰਨੀ ਕਿਰਪਾ ਹੈ ਕਿ ਤੁਹਾਡਾ ਵਾਪਸ ਆਉਂਦਾ ਹੈ। ਇੱਥੇ ਤੋਂ ਮਰਿਆ ਕਿ ਉੱਥੇ ਦੂਸਰੀ ਯੋਨੀ ਵਿੱਚ ਬੈਠ ਗਿਆ ਹੁੰਦਾ ਹੈ ਅਤੇ ਉਹਨਾਂ ਦਾ ਤਾਂ ਵਾਪਸ ਨਹੀਂ ਆਉਂਦਾ।

ਹੁਣ ਅਸਲ ਵਿੱਚ ਵਾਪਸ ਨਹੀਂ ਆਉਂਦੇ, ਏਦਾਂ ਨਹੀਂ ਹੈ। ਉਹਨਾਂ ਦੀ ਮਾਨਤਾ ਏਦਾਂ ਦੀ ਹੈ ਕਿ ਇੱਥੇ ਤੋਂ ਮਰਿਆ ਯਾਨੀ ਮਰ ਗਿਆ, ਪਰ ਅਸਲ

ਵਿੱਚ ਵਾਪਸ ਹੀ ਆਉਂਦਾ ਹੈ। ਪਰ ਉਹਨਾਂ ਨੂੰ ਸਮਝ ਨਹੀਂ ਆਉਂਦਾ। ਪੁਨਰ ਜਨਮ ਸਮਝਦੇ ਨਹੀਂ ਹਨ। ਤੁਹਾਨੂੰ ਪੁਨਰ ਜਨਮ ਸਮਝ ਵਿੱਚ ਆਉਂਦਾ ਹੈ ਨਾ?

ਸ਼ਰੀਰ ਦੀ ਮੌਤ ਹੋਵੇ, ਤਾਂ ਉਹ ਜੜ੍ਹ ਹੋ ਜਾਂਦਾ ਹੈ। ਉਸ ਤੋਂ ਸਾਬਿਤ ਹੁੰਦਾ ਹੈ ਕਿ ਉਸ ਵਿੱਚ ਜੀਵ ਸੀ, ਉਹ ਨਿਕਲ ਕੇ ਦੂਸਰੀ ਜਗ੍ਹਾ ਗਿਆ। ਫੌਰਨ ਵਾਲੇ ਤਾਂ ਕਹਿੰਦੇ ਹਨ ਕਿ ਇਹ ਉਹੀ ਜੀਵ ਸੀ ਅਤੇ ਉਹੀ ਜੀਵ ਮਰ ਗਿਆ। ਅਸੀਂ ਉਹ ਕਬੂਲ ਨਹੀਂ ਕਰਦੇ। ਅਸੀਂ ਲੋਕ ਪੁਨਰ ਜਨਮ ਨੂੰ ਮੰਨਦੇ ਹਾਂ। ਅਸੀਂ 'ਡੈਵਲਪ' (ਵਿਕਸਿਤ) ਹੋਏ ਹਾਂ। ਅਸੀਂ ਵੀਤਰਾਗ ਵਿਗਿਆਨ ਨੂੰ ਜਾਣਦੇ ਹਾਂ। ਵੀਤਰਾਗ ਵਿਗਿਆਨ ਕਹਿੰਦਾ ਹੈ, ਪੁਨਰ ਜਨਮ ਦੇ ਆਧਾਰ ਤੇ ਅਸੀਂ ਇੱਕਠੇ ਹੋਏ ਹਾਂ, ਏਦਾਂ ਹਿੰਦੁਸਤਾਨ ਵਿੱਚ ਸਮਝਦੇ ਹਨ। ਉਸਦੇ ਆਧਾਰ ਤੇ ਅਸੀਂ ਆਤਮਾ ਨੂੰ ਮੰਨਣ ਲੱਗੇ ਹਾਂ। ਨਹੀਂ ਤਾਂ ਜੇ ਪੁਨਰ ਜਨਮ ਦਾ ਆਧਾਰ ਨਾ ਹੁੰਦਾ ਤਾਂ ਆਤਮਾ ਮੰਨਿਆ ਹੀ ਕਿਵੇਂ ਜਾ ਸਕਦਾ ਹੈ?

ਤਾਂ ਪੁਨਰ ਜਨਮ ਕਿਸ ਦਾ ਹੁੰਦਾ ਹੈ? ਤਾਂ ਕਹੀਏ, ਆਤਮਾ ਹੈ, ਤਾਂ ਪੁਨਰ ਜਨਮ ਹੁੰਦਾ ਹੈ, ਕਿਉਂਕਿ ਦੇਹ ਤਾਂ ਮਰ ਗਿਆ, ਜਲਾਇਆ ਗਿਆ, ਏਦਾਂ ਅਸੀਂ ਦੇਖਦੇ ਹਾਂ।

ਸੋ: ਆਤਮਾ ਦਾ ਸਮਝ ਵਿੱਚ ਆਉਂਦਾ ਹੋਵੇ, ਤਾਂ ਹੱਲ ਆ ਜਾਵੇ ਨਾ! ਪਰ ਉਹ ਸਮਝ ਵਿੱਚ ਆਵੇ ਏਦਾਂ ਨਹੀਂ ਹੈ ਨਾ! ਇਸ ਲਈ ਤਮਾਮ ਸ਼ਾਸਤਰਾਂ ਨੇ ਕਿਹਾ ਹੈ ਕਿ 'ਆਤਮਾ ਨੂੰ ਜਾਣੋ!' ਹੁਣ ਉਸਨੂੰ ਜਾਣੇ ਬਿਨਾਂ ਜੋ ਕੁੱਝ ਕੀਤਾ ਜਾਂਦਾ ਹੈ, ਉਹ ਸਭ ਉਸਨੂੰ ਫ਼ਾਇਦੇਮੰਦ ਨਹੀਂ ਹੈ, ਹੈਲਪਿੰਗ ਨਹੀਂ ਹੈ। ਪਹਿਲਾਂ ਆਤਮਾ ਜਾਣੋ ਤਾਂ ਸਾਰਾ ਸਲਿਊਸ਼ਨ (ਹੱਲ) ਆ ਜਾਵੇਗਾ।

## ਪੁਨਰ ਜਨਮ ਕਿਸ ਦਾ?

**ਪ੍ਰਸ਼ਨਕਰਤਾ :** ਪੁਨਰ ਜਨਮ ਕੌਣ ਲੈਂਦਾ ਹੈ? ਜੀਵ ਲੈਂਦਾ ਹੈ ਜਾਂ ਆਤਮਾ ਲੈਂਦਾ ਹੈ?

**ਦਾਦਾਸ਼੍ਰੀ :** ਨਹੀਂ, ਕਿਸੇ ਨੂੰ ਲੈਣਾ ਨਹੀਂ ਪੈਂਦਾ, ਹੋ ਜਾਂਦਾ ਹੈ। ਇਹ ਸੰਸਾਰ 'ਇੱਟ ਹੈਪੰਨਸ' (ਆਪਣੇ ਆਪ ਚਲ ਰਿਹਾ) ਹੀ ਹੈ!

**ਪ੍ਰਸ਼ਨਕਰਤਾ :** ਹਾਂ, ਪਰ ਉਹ ਕਿਸ ਨਾਲ ਹੋ ਜਾਂਦਾ ਹੈ? ਜੀਵ ਤੋਂ ਹੋ ਜਾਂਦਾ ਹੈ ਜਾਂ ਆਤਮਾ ਤੋਂ?

**ਦਾਦਾਸ਼੍ਰੀ :** ਨਹੀਂ, ਆਤਮਾ ਨੂੰ ਕੁੱਝ ਲੈਣਾ-ਦੇਣਾ ਹੀ ਨਹੀਂ ਹੈ, ਸਭ ਜੀਵ ਨਾਲ ਹੀ ਹੈ। ਜਿਸਨੂੰ ਭੌਤਿਕ ਸੁੱਖ ਚਾਹੀਦੇ ਹਨ, ਉਸਨੂੰ ਯੋਨੀ ਵਿੱਚ ਪ੍ਰਵੇਸ਼ ਕਰਨ ਦਾ 'ਰਾਈਟ' (ਅਧਿਕਾਰ) ਹੈ। ਜਿਸਨੂੰ ਭੌਤਿਕ ਸੁੱਖ ਨਹੀਂ ਚਾਹੀਦੇ, ਉਸਨੂੰ ਯੋਨੀ ਵਿੱਚ ਪ੍ਰਵੇਸ਼ ਕਰਨ ਦਾ ਰਾਈਟ ਚਲਾ ਜਾਂਦਾ ਹੈ।

## ਸਬੰਧ ਜਨਮ-ਜਨਮ ਦਾ

**ਪ੍ਰਸ਼ਨਕਰਤਾ :** ਮਨੁੱਖ ਦੇ ਹਰ ਇੱਕ ਜਨਮ ਦਾ ਪੁਨਰ ਜਨਮ ਦੇ ਨਾਲ ਸਬੰਧ ਹੈ?

**ਦਾਦਾਸ਼੍ਰੀ :** ਉਹ ਤਾਂ ਹਰ ਇੱਕ ਜਨਮ ਪੂਰਵ ਜਨਮ ਹੀ ਹੁੰਦਾ ਹੈ। ਅਰਥਾਤ ਹਰ ਇੱਕ ਜਨਮ ਦਾ ਸਬੰਧ ਪੂਰਵ ਜਨਮ ਨਾਲ ਹੀ ਹੁੰਦਾ ਹੈ।

**ਪ੍ਰਸ਼ਨਕਰਤਾ :** ਪਰ ਪੂਰਵ ਜਨਮ ਦਾ ਇਸ ਜਨਮ ਨਾਲ ਕੀ ਲੈਣਾ-ਦੇਣਾ ਹੈ?

**ਦਾਦਾਸ਼੍ਰੀ :** ਓਏ ਅਗਲੇ ਜਨਮ ਦੇ ਲਈ ਇਹ ਪੂਰਵ ਜਨਮ ਹੋਇਆ। ਪਿਛਲਾ ਜਨਮ, ਉਹ ਪੂਰਵ ਜਨਮ ਹੈ, ਤਾਂ ਇਹ ਜਨਮ ਹੈ। ਉਹ ਅਗਲੇ ਜਨਮ ਦਾ ਪੂਰਵ ਜਨਮ ਕਹਾਉਂਦਾ ਹੈ।

**ਪ੍ਰਸ਼ਨਕਰਤਾ :** ਹਾਂ, ਉਹ ਗੱਲ ਸੱਚੀ ਹੈ। ਪਰ ਪੂਰਵ ਜਨਮ ਵਿੱਚ ਇਹੋ ਜਿਹਾ ਕੁੱਝ ਹੁੰਦਾ ਹੈ, ਜਿਸਦਾ ਇਸ ਜਨਮ ਦੇ ਨਾਲ ਕੋਈ ਸਬੰਧ ਹੋਵੇ?

**ਦਾਦਾਸ਼੍ਰੀ :** ਬਹੁਤ ਹੀ ਸਬੰਧ, ਨਿਰਾ! ਪੂਰਵ ਜਨਮ ਵਿੱਚ ਬੀਜ ਪੈਂਦਾ ਹੈ ਅਤੇ ਦੂਸਰੇ ਜਨਮ ਵਿੱਚ ਫ਼ਲ ਆਉਂਦਾ ਹੈ। ਇਸ ਲਈ ਉਸ ਵਿੱਚ, ਬੀਜ ਵਿੱਚ ਅਤੇ ਫ਼ਲ ਵਿੱਚ ਫ਼ਰਕ ਨਹੀਂ? ਸਬੰਧ ਹੋਇਆ ਕਿ ਨਹੀਂ?! ਅਸੀਂ ਬਾਜਰੇ ਦਾ ਦਾਣਾ ਬੀਜੀਏ, ਉਹ ਪੂਰਵ ਜਨਮ ਅਤੇ ਬਾਲ ਆਉਣ, ਉਹ

ਇਹ ਜਨਮ, ਫਿਰ ਤੋਂ ਇਸ ਬਾਲ ਵਿੱਚੋਂ ਬੀਜ ਰੂਪ ਵਿੱਚ ਦਾਣਾ ਡਿੱਗਿਆ ਉਹ ਪੂਰਵ ਜਨਮ ਅਤੇ ਉਸ ਵਿੱਚੋਂ ਬਾਲ ਆਏ, ਉਹ ਨਵਾਂ ਜਨਮ। ਸਮਝ ਵਿੱਚ ਆਇਆ ਕਿ ਨਹੀਂ?

**ਪ੍ਰਸ਼ਨਕਰਤਾ :** ਇੱਕ ਆਦਮੀ ਰਸਤੇ ਤੇ ਤੁਰਦਾ ਜਾ ਰਿਹਾ ਹੈ ਅਤੇ ਦੂਸਰੇ ਕਿੰਨੇ ਹੀ ਉਸ ਰਸਤੇ ਤੇ ਚੱਲਦੇ ਹੋਏ ਜਾਂਦੇ ਹਨ, ਪਰ ਕੋਈ ਸੱਪ ਅਮੁੱਕ ਆਦਮੀ ਨੂੰ ਹੀ ਕੱਟਦਾ ਹੈ, ਉਸਦਾ ਕਾਰਣ ਪੁਨਰ ਜਨਮ ਹੀ ਹੈ?

**ਦਾਦਾਸ਼੍ਰੀ :** ਹਾਂ, ਅਸੀਂ ਇਹੀ ਕਹਿਣਾ ਚਾਹੁੰਦੇ ਹਾਂ ਕਿ ਪੁਨਰ ਜਨਮ ਹੈ। ਇਸ ਲਈ ਉਹ ਸੱਪ ਤੁਹਾਨੂੰ ਕੱਟਦਾ ਹੈ, ਪੁਨਰ ਜਨਮ ਨਾ ਹੁੰਦਾ ਤਾਂ ਤੁਹਾਨੂੰ ਸੱਪ ਨਾ ਕੱਟਦਾ, ਪੁਨਰ ਜਨਮ ਹੈ, ਉਹ ਤੁਹਾਡਾ ਹਿਸਾਬ ਤੁਹਾਨੂੰ ਚੁਕਾਉਂਦਾ ਹੈ। ਇਹ ਸਭ ਹਿਸਾਬ ਚੁਕਤਾ ਹੋ ਰਹੇ ਹਨ। ਜਿਸ ਤਰ੍ਹਾਂ ਬਹੀਖਾਤੇ ਦੇ ਹਿਸਾਬ ਚੁਕਤਾ ਹੁੰਦੇ ਹਨ ਨਾ, ਉਸੇ ਤਰ੍ਹਾਂ ਸਭ ਹਿਸਾਬ ਚੁਕਤਾ ਹੋ ਰਹੇ ਹਨ ਅਤੇ 'ਡਿਵਲਪਮੈਂਟ' ਦੇ ਕਾਰਣ ਇਹ ਹਿਸਾਬ ਸਭ ਸਾਨੂੰ ਸਮਝ ਵਿੱਚ ਆਉਂਦੇ ਵੀ ਹਨ। ਇਸ ਲਈ ਸਾਡੇ ਇੱਥੇ ਕਿੰਨੇ ਹੀ ਲੋਕਾਂ ਨੂੰ, ਪੁਨਰ ਜਨਮ ਹੈ ਹੀ, ਇਹ ਮਾਨਤਾ ਵੀ ਹੋ ਗਈ ਹੈ ਨਾ! ਪਰੰਤੂ ਉਹ 'ਪੁਨਰ ਜਨਮ' ਹੈ ਹੀ, ਏਦਾਂ ਨਹੀਂ ਕਹਿ ਸਕਦੇ। 'ਹੈ ਹੀ' ਇਹੋ ਜਿਹਾ ਕੋਈ ਸਬੂਤ ਨਹੀਂ ਦੇ ਸਕਦੇ। ਪਰ ਉਹਨਾਂ ਦੀ ਸ਼ਰਧਾ ਵਿੱਚ ਬੈਠ ਗਿਆ ਹੈ, ਇਹੋ ਜਿਹੀਆਂ ਸਭ ਉਦਾਹਰਣਾਂ ਨਾਲ, ਕਿ ਪੁਨਰ ਜਨਮ ਹੈ ਤਾਂ ਸਹੀ!

ਇਹ ਭੈਣ ਜੀ ਕਹੇਗੀ, ਇਸਨੂੰ ਸੱਸ ਚੰਗੀ ਕਿਉਂ ਮਿਲੀ ਅਤੇ ਮੈਨੂੰ ਕਿਉਂ ਇਹੋ ਜਿਹੀ ਮਿਲੀ? ਯਾਨੀ ਸੰਯੋਗ ਸਭ ਤਰ੍ਹਾਂ-ਤਰ੍ਹਾਂ ਦੇ ਮਿਲਣ ਵਾਲੇ ਹਨ।

## ਹੋਰ ਕੀ ਨਾਲ ਜਾਂਦਾ ਹੈ?

**ਪ੍ਰਸ਼ਨਕਰਤਾ :** ਇੱਕ ਜੀਵ ਦੂਸਰੇ ਦੇਹ ਵਿੱਚ ਜਾਂਦਾ ਹੈ। ਉੱਥੇ ਨਾਲ ਪੰਜ ਇੰਦਰੀਆਂ ਅਤੇ ਮਨ ਆਦਿ ਹਰ ਇੱਕ ਜੀਵ ਲੈ ਕੇ ਜਾਂਦਾ ਹੈ?

**ਦਾਦਾਸ਼੍ਰੀ :** ਨਹੀਂ, ਨਹੀਂ, ਕੁੱਝ ਵੀ ਨਹੀਂ। ਇੰਦਰੀਆਂ ਤਾਂ ਸਭ ਐਕਜਾਸਟ (ਖਾਲੀ) ਹੋ ਕੇ ਖਤਮ ਹੋ ਗਈਆਂ, ਇੰਦਰੀਆਂ ਤਾਂ ਮਰ

ਗਈਆਂ। ਇਸ ਲਈ ਉਸਦੇ ਨਾਲ ਇੰਦਰੀਆਂ ਵਰਗਾ ਕੁੱਝ ਵੀ ਜਾਣ ਵਾਲਾ ਨਹੀਂ ਹੈ। ਕੇਵਲ ਇਹ ਕ੍ਰੋਧ-ਮਾਨ-ਮਾਇਆ-ਲੋਭ ਜਾਣ ਵਾਲੇ ਹਨ। ਉਸ ਕਾਰਣ ਸ਼ਰੀਰ ਵਿੱਚ ਕ੍ਰੋਧ-ਮਾਨ-ਮਾਇਆ-ਲੋਭ ਸਭ ਆ ਗਿਆ ਅਤੇ ਸੂਖ਼ਮ ਸ਼ਰੀਰ ਕਿਹੋ ਜਿਹਾ ਹੁੰਦਾ ਹੈ? ਜਦੋਂ ਤੱਕ ਮੋਕਸ਼ ਵਿੱਚ ਨਹੀਂ ਜਾਂਦੇ, ਉਦੋਂ ਤੱਕ ਨਾਲ ਹੀ ਰਹਿੰਦਾ ਹੈ। ਚਾਹੇ ਜਿੱਥੇ ਅਵਤਾਰ ਹੋਵੇ, ਇਹ ਸੂਖ਼ਮ ਸ਼ਰੀਰ ਤਾਂ ਨਾਲ ਹੀ ਹੁੰਦਾ ਹੈ।

## ਇਲੈਕਟ੍ਰੀਕਲ ਬਾਡੀ

ਅਤਮਾ ਦੇਹ ਨੂੰ ਛੱਡ ਕੇ ਇੱਕਲਾ ਜਾਂਦਾ ਨਹੀਂ ਹੈ। ਆਤਮਾ ਦੇ ਨਾਲ ਸਾਰੇ ਕਰਮ, ਜੋ ਕਾਰਣ ਸ਼ਰੀਰ ਕਹਾਉਂਦੇ ਹਨ ਉਹ, ਫਿਰ ਤੀਸਰਾ 'ਇਲੈਕਟ੍ਰੀਕਲ ਬਾਡੀ' (ਤੇਜਸ ਸ਼ਰੀਰ), ਇਹ ਤਿੰਨੇ ਇੱਕਠੇ ਹੀ ਨਿਕਲਦੇ ਹਨ। ਜਦੋਂ ਤੱਕ ਇਹ ਸੰਸਾਰ ਹੈ, ਉਦੋਂ ਤੱਕ ਹਰ ਇੱਕ ਜੀਵ ਵਿੱਚ ਇਹ ਇਲੈਕਟ੍ਰੀਕਲ ਬਾਡੀ ਹੁੰਦੀ ਹੀ ਹੈ! ਕਾਰਣ ਸ਼ਰੀਰ ਬੰਧਿਆ ਕਿ ਇਲੈਕਟ੍ਰੀਕਲ ਬਾਡੀ ਨਾਲ ਹੀ ਹੁੰਦੀ ਹੈ। ਇਲੈਕਟ੍ਰੀਕਲ ਬਾਡੀ ਹਰ ਇੱਕ ਜੀਵ ਵਿੱਚ ਸਮਾਨ ਭਾਵ ਵਿੱਚ ਹੁੰਦੀ ਹੀ ਹੈ ਅਤੇ ਉਸਦੇ ਆਧਾਰ ਤੇ ਆਪਣਾ ਚੱਲਦਾ ਹੈ। ਭੋਜਨ ਲੈਂਦੇ ਹਾਂ, ਉਸਨੂੰ ਪਚਾਉਣ ਦਾ ਕੰਮ ਇਲੈਕਟ੍ਰੀਕਲ ਬਾਡੀ ਕਰਦੀ ਹੈ। ਖ਼ੂਨ ਬਣਦਾ ਹੈ, ਖ਼ੂਨ ਸ਼ਰੀਰ ਵਿੱਚ ਉੱਪਰ ਚੜਾਉਂਦੀ ਹੈ, ਨੀਚੇ ਉਤਾਰਦੀ ਹੈ। ਉਹ ਸਭ ਕੰਮ ਅੰਦਰ ਕਰਦੀ ਰਹਿੰਦੀ ਹੈ। ਅੱਖਾਂ ਨਾਲ ਦਿਖਦਾ ਹੈ, ਉਹ ਲਾਈਟ ਇਸ ਇਲੈਕਟ੍ਰੀਕਲ ਬਾਡੀ ਦੇ ਕਾਰਣ ਹੀ ਹੁੰਦੀ ਹੈ ਅਤੇ ਇਹ ਕ੍ਰੋਧ-ਮਾਨ-ਮਾਇਆ-ਲੋਭ ਵੀ ਇਸ 'ਇਲੈਕਟ੍ਰੀਕਲ ਬਾਡੀ' ਦੇ ਕਾਰਣ ਹੀ ਹੁੰਦੇ ਹਨ। ਆਤਮਾ ਵਿੱਚ ਕ੍ਰੋਧ-ਮਾਨ-ਮਾਇਆ-ਲੋਭ ਹੈ ਹੀ ਨਹੀਂ। ਇਹ ਗੁੱਸਾ ਵੀ, ਇਹ ਸਭ ਇਲੈਕਟ੍ਰੀਕਲ ਬਾਡੀ ਦੇ ਸ਼ੌਕ (ਆਘਾਤ) ਹਨ।

**ਪ੍ਰਸ਼ਨਕਰਤਾ :** ਯਾਨੀ 'ਚਾਰਜ' ਹੋਣ ਵਿੱਚ 'ਇਲੈਕਟ੍ਰੀਕਲ ਬਾਡੀ' ਕੰਮ ਕਰਦੀ ਹੋਵੇਗੀ ਨਾ?

**ਦਾਦਾਸ਼੍ਰੀ :** ਇਲੈਕਟ੍ਰੀਕਲ ਬਾਡੀ ਹੋਵੇ, ਤਾਂ ਹੀ ਚਾਰਜ ਹੁੰਦਾ ਹੈ। ਨਹੀਂ ਤਾਂ ਇਹ ਇਲੈਕਟ੍ਰੀਕਲ ਬਾਡੀ ਨਾ ਹੋਵੇ, ਤਾਂ ਇਹ ਕੁੱਝ ਚੱਲੇਗਾ ਹੀ ਨਹੀਂ। 'ਇਲੈਕਟ੍ਰੀਕਲ ਬਾਡੀ' ਹੋਵੇ ਅਤੇ ਆਤਮਾ ਨਾ ਹੋਵੇ, ਤਾਂ ਵੀ ਕੁੱਝ ਨਹੀਂ ਚੱਲੇਗਾ। ਇਹ ਸਾਰੇ ਸਾਮੂਹਿਕ 'ਕਾਜ਼ਜ਼' ਹਨ।

## ਗਰਭ ਵਿੱਚ ਜੀਵ ਦਾ ਪ੍ਰਵੇਸ਼ ਕਦੋਂ?

**ਪ੍ਰਸ਼ਨਕਰਤਾ :** ਸੰਚਾਰ ਹੁੰਦਾ ਹੈ, ਉਦੋਂ ਹੀ ਜੀਵ ਪ੍ਰਵੇਸ਼ ਕਰਦਾ ਹੈ। ਪ੍ਰਾਣ ਆਉਂਦਾ ਹੈ, ਏਦਾਂ ਵੇਦਾਂ ਵਿੱਚ ਕਹਿੰਦੇ ਹਨ।

**ਦਾਦਾਸ਼੍ਰੀ :** ਨਹੀਂ, ਉਹ ਸਭ ਗੱਲਾਂ ਹਨ। ਉਹ ਅਨੁਭਵ ਦੀਆਂ ਨਹੀਂ ਹਨ, ਸੱਚੀ ਗੱਲ ਨਹੀਂ ਹੈ ਉਹ ਸਭ। ਉਹ ਲੌਕਿਕ ਭਾਸ਼ਾ ਦੀਆਂ ਹਨ। ਜੀਵ ਤੋਂ ਬਿਨਾਂ ਕਦੇ ਵੀ ਗਰਭ ਧਾਰਣ ਨਹੀਂ ਹੁੰਦਾ। ਜੀਵ ਦੀ ਹਾਜਰੀ ਵਿੱਚ ਹੀ ਗਰਭ ਧਾਰਣ ਹੁੰਦਾ ਹੈ, ਨਹੀਂ ਤਾਂ ਧਾਰਣ ਨਹੀਂ ਹੁੰਦਾ।

ਉਹ ਪਹਿਲਾਂ ਤਾਂ ਅੰਡੇ ਦੀ ਤਰ੍ਹਾਂ ਬੇਭਾਨ ਅਵਸਥਾ ਵਿੱਚ ਰਹਿੰਦਾ ਹੈ।

**ਪ੍ਰਸ਼ਨਕਰਤਾ :** ਮੁਰਗੀ ਦੇ ਅੰਡੇ ਵਿੱਚ ਛੇਦ ਬਣਾ ਕੇ ਜੀਵ ਅੰਦਰ ਗਿਆ?

**ਦਾਦਾਸ਼੍ਰੀ :** ਨਹੀਂ, ਉਹ ਤਾਂ ਇਹ ਲੌਕਿਕ ਵਿੱਚ ਏਦਾਂ, ਲੌਕਿਕ ਵਿੱਚ ਤੁਸੀਂ ਕਹਿੰਦੇ ਹੋ, ਏਦਾਂ ਹੀ ਲਿਖਿਆ ਹੈ। ਕਿਉਂਕਿ ਗਰਭ ਧਾਰਣ ਹੋਣਾ, ਜਦੋਂ ਸਾਰੇ ਸਾਇੰਟਿਫ਼ਿਕ ਸਰਕਮਸਟਾਂਸ਼ਿਅਲ ਐਵੀਡੈਂਸ, ਕਾਲ ਵੀ ਮਿਲੇ, ਉਦੋਂ ਧਾਰਣ ਹੁੰਦਾ ਹੈ।

ਨੌਂ ਮਹੀਨੇ ਅੰਦਰ ਜੀਵ ਰਹਿੰਦਾ ਹੈ ਫਿਰ ਪ੍ਰਗਟ ਹੁੰਦਾ ਹੈ ਅਤੇ ਸੱਤ ਮਹੀਨਿਆਂ ਦਾ ਜੀਵ ਹੋਵੇ, ਤਾਂ ਅਧੂਰੇ ਮਹੀਨੇ ਵਿੱਚ ਪੈਦਾ ਹੋ ਗਿਆ ਇਸ ਲਈ ਕੱਚਾ ਹੁੰਦਾ ਹੈ। ਉਸਦਾ ਦਿਮਾਗ ਵਗੈਰਾ ਸਭ ਕੱਚਾ ਹੁੰਦਾ ਹੈ। ਸਾਰੇ ਅੰਗ ਕੱਚੇ ਹੁੰਦੇ ਹਨ। ਸੱਤ ਮਹੀਨੇ ਵਿੱਚ ਪੈਦਾ ਹੋਇਆ ਅਤੇ ਅਠਾਰ੍ਹਾਂ ਮਹੀਨੇ ਵਿੱਚ ਆਇਆ ਤਾਂ ਗੱਲ ਹੀ ਅਲੱਗ, ਬਹੁਤ ਹਾਈ ਲੈਵਲ (ਉੱਚ

ਕੋਟੀ) ਦਾ ਦਿਮਾਗ ਹੁੰਦਾ ਹੈ। ਸੋ: ਨੌਂ ਮਹੀਨੇ ਤੋਂ ਜਿਆਦਾ ਜਿੰਨੇ ਮਹੀਨੇ ਹੋਣ, ਉਨਾਂ ਉਸਦਾ 'ਟੌਪ' ਦਿਮਾਗ ਹੁੰਦਾ ਹੈ, ਜਾਣਦੇ ਹੋ ਇਹ?

ਕਿਉਂ ਬੋਲਦੇ ਨਹੀਂ? ਤੁਸੀਂ ਸੁਣਿਆ ਨਹੀਂ ਕਿ ਇਹ ਅਠਾਰ੍ਹਾਂ ਮਹੀਨੇ ਦਾ ਹੈ ਏਦਾਂ! ਸੁਣਿਆ ਹੈ? ਪਹਿਲਾਂ ਸੁਣਨ ਵਿੱਚ ਨਹੀਂ ਆਇਆ, ਨਹੀਂ? ਕਿ ਜਾਣ ਦਿਓ, ਉਸਦੀ ਮਾਂ ਤਾਂ ਅਠਾਰ੍ਹਾਂ ਮਹੀਨੇ ਦਾ ਹੈ, ਕਹਿੰਦੀ ਹੈ! ਉਹ ਤਾਂ ਬਹੁਤ ਹੁਸ਼ਿਆਰ ਹੁੰਦਾ ਹੈ। ਆਪਣੀ ਮਾਂ ਦੇ ਪੇਟ ਵਿੱਚੋਂ ਉਹ ਬਾਹਰ ਨਿਕਲਦਾ ਹੀ ਨਹੀਂ। ਅਠਾਰ੍ਹਾਂ ਮਹੀਨੇ ਤੱਕ ਰੌਅਬ ਜਮਾਉਂਦਾ ਹੈ ਉੱਥੇ।

## ਵਿੱਚ ਸਮਾਂ ਕਿੰਨਾ?

**ਪ੍ਰਸ਼ਨਕਰਤਾ :** ਯਾਨੀ ਇਹ ਦੇਹ ਛੱਡਣਾ ਅਤੇ ਦੂਸਰਾ ਧਾਰਣ ਕਰਨਾ, ਉਹਨਾਂ ਦੋਵਾਂ ਦੇ ਵਿੱਚ ਵੈਸੇ, ਕਿੰਨਾ ਸਮਾਂ ਲੱਗਦਾ ਹੈ?

**ਦਾਦਾਸ਼੍ਰੀ :** ਕੁੱਝ ਵੀ ਸਮਾਂ ਨਹੀਂ ਲੱਗਦਾ। ਇੱਥੇ ਵੀ ਹੁੰਦਾ ਹੈ, ਇਸ ਦੇਹ ਵਿੱਚੋਂ ਹਾਲੇ ਨਿੱਕਲ ਰਿਹਾ ਹੁੰਦਾ ਹੈ ਇੱਥੇ ਤੋਂ ਅਤੇ ਉੱਥੇ ਯੋਨੀ ਵਿੱਚ ਵੀ ਹਾਜ਼ਰ ਹੁੰਦਾ ਹੈ, ਕਿਉਂਕਿ ਇਹ ਟਾਇਮਿੰਗ ਹੈ। ਵੀਰਜ ਅਤੇ ਰਜ ਦਾ ਸੰਯੋਗ ਹੁੰਦਾ ਹੈ, ਉਸ ਘੜੀ। ਇੱਧਰ ਤੋਂ ਦੇਹ ਛੁੱਟਣ ਵਾਲਾ ਹੋਵੇ, ਉੱਧਰ ਉਹ ਸੰਯੋਗ ਹੁੰਦਾ ਹੈ, ਉਹ ਸਭ ਇੱਕਠਾ ਹੋਵੇ ਉਦੋਂ ਇੱਥੇ ਤੋਂ ਜਾਂਦਾ ਹੈ। ਨਹੀਂ ਤਾਂ ਉਹ ਇੱਥੇ ਤੋਂ ਜਾਂਦਾ ਹੀ ਨਹੀਂ, ਅਰਥਾਤ ਮਨੁੱਖ ਦੀ ਮੌਤ ਤੋਂ ਬਾਅਦ ਆਤਮਾ ਇੱਥੇ ਤੋਂ ਸਿੱਧਾ ਹੀ ਦੂਸਰੀ ਯੋਨੀ ਵਿੱਚ ਜਾਂਦਾ ਹੈ। ਇਸ ਲਈ ਅੱਗੇ ਕੀ ਹੋਵੇਗਾ, ਇਸਦੀ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ। ਕਿਉਂਕਿ ਮਰਨ ਤੋਂ ਬਾਅਦ ਦੂਸਰੀ ਯੋਨੀ ਪ੍ਰਾਪਤ ਹੋ ਹੀ ਜਾਂਦੀ ਹੈ ਅਤੇ ਉਸ ਯੋਨੀ ਵਿੱਚ ਪ੍ਰਵੇਸ਼ ਕਰਦੇ ਹੀ ਉੱਥੇ ਖਾਣਾ ਆਦਿ ਸਭ ਮਿਲਦਾ ਹੈ।

## ਉਸ ਨਾਲ ਸਿਰਜਨ ਕਾਰਣ ਦੇਹ ਦਾ

ਜਗਤ ਭ੍ਰਾਂਤੀ ਵਾਲਾ ਹੈ, ਉਹ ਕਿਰਿਆਵਾਂ ਨੂੰ ਦੇਖਦਾ ਹੈ, ਧਿਆਨ ਨੂੰ ਨਹੀਂ ਦੇਖਦਾ। ਧਿਆਨ ਅਗਲੇ ਜਨਮ ਦਾ ਪੁਰਸ਼ਾਰਥ ਹੈ ਅਤੇ ਕਿਰਿਆ ਉਹ ਪਿਛਲੇ ਜਨਮ ਦਾ ਪੁਰਸ਼ਾਰਥ ਹੈ। ਧਿਆਨ, ਉਹ ਅਗਲੇ ਜਨਮ ਵਿੱਚ

ਫ਼ਲ ਦੇਣ ਵਾਲਾ ਹੈ। ਧਿਆਨ ਹੋਇਆ ਕਿ ਉਸ ਸਮੇਂ ਪਰਮਾਣੂ ਬਾਹਰ ਤੋਂ ਖਿੱਚੇ ਜਾਂਦੇ ਹਨ ਅਤੇ ਉਹ ਧਿਆਨ ਸਵਰੂਪ ਹੋ ਕੇ ਅੰਦਰ ਸੂਖ਼ਮਤਾ ਨਾਲ ਸੰਗ੍ਰਹਿਤ ਹੋ ਜਾਂਦੇ ਹਨ ਅਤੇ ਕਾਰਣ ਦੇਹ ਦਾ ਸਿਰਜਨ ਹੁੰਦਾ ਹੈ। ਜਦੋਂ ਰਿਣਾਨੁਬੰਧ ਨਾਲ ਮਾਤਾ ਦੇ ਗਰਭ ਵਿੱਚ ਜਾਂਦਾ ਹੈ, ਉਦੋਂ ਕਾਰਜ-ਦੇਹ ਦੀ ਰਚਨਾ ਹੋ ਜਾਂਦੀ ਹੈ। ਮਨੁੱਖ ਮਰਦਾ ਹੈ ਉਦੋਂ ਆਤਮਾ, ਸੂਖ਼ਮ ਸ਼ਰੀਰ ਅਤੇ ਕਾਰਣ-ਸ਼ਰੀਰ ਨਾਲ ਜਾਂਦੇ ਹਨ। ਸੂਖ਼ਮ ਸ਼ਰੀਰ ਹਰ ਇੱਕ ਦਾ ਕਾਮਨ ਹੁੰਦਾ ਹੈ, ਪਰ ਕਾਰਣ ਸ਼ਰੀਰ ਹਰ ਇੱਕ ਦਾ ਉਸਦੇ ਦੁਆਰਾ ਸੇਵਿਤ ਕਾਜ਼ਜ਼ ਦੇ ਅਨੁਸਾਰ ਅਲੱਗ-ਅਲੱਗ ਹੁੰਦਾ ਹੈ। ਸੂਖ਼ਮ ਸ਼ਰੀਰ, ਉਹ ਇਲੈਕਟ੍ਰੀਕਲ ਬਾਡੀ (ਤੇਜਸ ਸ਼ਰੀਰ) ਹੈ।

## ਕਾਰਣ-ਕਾਰਜ ਦੀ ਲੜੀ

ਮੌਤ ਤੋਂ ਬਾਅਦ ਜਨਮ ਅਤੇ ਜਨਮ ਤੋਂ ਬਾਅਦ ਮੌਤ ਹੈ, ਬੱਸ। ਇਹ ਨਿਰੰਤਰ ਚੱਲਦਾ ਹੀ ਰਹਿੰਦਾ ਹੈ! ਹੁਣ ਇਹ ਜਨਮ ਅਤੇ ਮੌਤ ਕਿਉਂ ਹੋਏ ਹਨ? ਤਾਂ ਕਹੀਏ ਕਾਜ਼ਜ਼ ਐਂਡ ਇਫ਼ੈਕਟ, ਇਫ਼ੈਕਟ ਐਂਡ ਕਾਜ਼ਜ਼, ਕਾਰਣ ਅਤੇ ਕਾਰਜ, ਕਾਰਜ਼ ਅਤੇ ਕਾਰਣ। ਉਸ ਵਿੱਚ ਜੇ ਕਾਰਣਾਂ ਦਾ ਨਾਸ਼ ਕਰ ਦਿੱਤਾ ਜਾਵੇ ਤਾਂ ਇਹ ਸਾਰੇ 'ਇਫ਼ੈਕਟ' ਬੰਦ ਹੋ ਜਾਣਗੇ, ਫਿਰ ਨਵਾਂ ਜਨਮ ਨਹੀਂ ਲੈਣਾਂ ਪੈਂਦਾ!

ਇੱਥੇ ਸਾਰੀ ਜ਼ਿੰਦਗੀ 'ਕਾਜ਼ਜ਼' ਖੜੇ ਕੀਤੇ ਹੋਣ, ਉਹ ਤੁਹਾਡੇ 'ਕਾਜ਼ਜ਼' ਕਿਸ ਦੇ ਕੋਲ ਜਾਣਗੇ? ਅਤੇ 'ਕਾਜ਼ਜ਼' ਕੀਤੇ ਹੋਣ, ਇਸ ਲਈ ਉਹ ਤੁਹਾਨੂੰ ਕਾਰਜ ਫ਼ਲ ਦਿੱਤੇ ਬਗੈਰ ਰਹਿਣਗੇ ਨਹੀਂ। 'ਕਾਜ਼ਜ਼' ਖੜੇ ਕੀਤੇ ਹੋਏ ਹਨ, ਏਦਾਂ ਤੁਹਾਨੂੰ ਖੁਦ ਨੂੰ ਸਮਝ ਵਿੱਚ ਆਉਂਦਾ ਹੈ?

ਹਰ ਇੱਕ ਕਾਰਜ ਵਿੱਚ 'ਕਾਜ਼ਜ਼' ਪੈਦਾ ਹੁੰਦੇ ਹਨ। ਤੁਹਾਨੂੰ ਕਿਸੇ ਨੇ ਨਲਾਇਕ ਕਿਹਾ ਤਾਂ ਤੁਹਾਡੇ ਅੰਦਰ 'ਕਾਜ਼ਜ਼' ਪੈਦਾ ਹੁੰਦੇ ਹਨ। 'ਤੇਰਾ ਬਾਪ ਨਲਾਇਕ ਹੈ' ਉਹ ਤੁਹਾਡੇ 'ਕਾਜ਼ਜ਼' ਕਹਾਉਂਦੇ ਹਨ। ਤੁਹਾਨੂੰ ਨਲਾਇਕ ਕਹਿੰਦਾ ਹੈ, ਉਹ ਤਾਂ ਨਿਯਮਾਨੁਸਾਰ ਕਹਿ ਗਿਆ ਅਤੇ ਤੁਸੀਂ ਉਸਨੂੰ ਗੈਰ

ਕਾਨੂੰਨੀ ਕਰ ਦਿੱਤਾ। ਉਹ ਸਮਝ ਵਿੱਚ ਨਹੀਂ ਆਇਆ ਤੁਹਾਨੂੰ? ਕਿਉਂ ਬੋਲਦੇ ਨਹੀਂ?

**ਪ੍ਰਸ਼ਨਕਰਤਾ :** ਠੀਕ ਹੈ।

**ਦਾਦਾਸ਼੍ਰੀ :** ਅਰਥਾਤ 'ਕਾਜ਼ਜ਼' ਇਸ ਭਵ ਵਿੱਚ ਹੁੰਦੇ ਹਨ। ਉਸਦਾ 'ਇਫ਼ੈਕਟ' ਅਗਲੇ ਜਨਮ ਵਿੱਚ ਭੋਗਣਾ ਪੈਂਦਾ ਹੈ!

ਇਹ ਤਾਂ 'ਇਫ਼ੈਕਟਿਵ' (ਪਰਿਣਾਮ) ਮੋਹ ਨੂੰ 'ਕਾਜ਼ਜ਼' (ਕਾਰਣ) ਮੋਹ ਮੰਨਣ ਨੂੰ ਆਉਂਦਾ ਹੈ। ਤੁਸੀਂ ਇਹ ਸਿਰਫ਼ ਮੰਨਦੇ ਹੋ ਕਿ 'ਮੈਂ ਕ੍ਰੋਧ ਕਰਦਾ ਹਾਂ' ਪਰ ਇਹ ਤਾਂ ਤੁਹਾਨੂੰ ਭ੍ਰਾਂਤੀ ਹੈ, ਉਦੋਂ ਤੱਕ ਹੀ ਕ੍ਰੋਧ ਹੈ। ਬਾਕੀ, ਉਹ ਕ੍ਰੋਧ ਹੈ ਹੀ ਨਹੀਂ, ਉਹ ਤਾਂ ਇਫ਼ੈਕਟ ਹੈ ਅਤੇ ਕਾਜ਼ਜ਼ ਬੰਦ ਹੋ ਜਾਣ, ਉਦੋਂ ਇਫ਼ੈਕਟ ਇੱਕਲਾ ਹੀ ਰਹਿੰਦਾ ਹੈ ਅਤੇ ਉਹ 'ਕਾਜ਼ਜ਼' ਬੰਦ ਕੀਤੇ ਇਸਲਈ 'ਹੀ ਇਜ਼ ਨੋਟ ਰਿਸਪੌਂਸੀਬਲ ਫਾਰ ਇਫ਼ੈਕਟ' (ਪਰਿਣਾਮ ਦੇ ਲਈ ਖੁਦ ਜ਼ਿੰਮੇਦਾਰ ਨਹੀਂ) ਅਤੇ 'ਇਫ਼ੈਕਟ' ਆਪਣਾ ਪ੍ਰਭਾਵ ਦਿਖਾਏ ਬਿਨਾਂ ਰਹੇਗਾ ਹੀ ਨਹੀਂ।

## ਕਾਰਣ ਬੰਦ ਹੁੰਦੇ ਹਨ?

**ਪ੍ਰਸ਼ਨਕਰਤਾ :** ਦੇਹ ਅਤੇ ਆਤਮਾ ਦੇ ਵਿੱਚ ਸਬੰਧ ਤਾਂ ਹੈ ਨਾ?

**ਦਾਦਾਸ਼੍ਰੀ :** ਇਹ ਦੇਹ ਹੈ, ਉਹ ਆਤਮਾ ਦੀ ਅਗਿਆਨ ਦਸ਼ਾ ਦਾ ਪਰਿਣਾਮ ਹੈ। ਜੋ ਜੋ 'ਕਾਜ਼ਜ਼' ਕੀਤੇ, ਉਸਦਾ ਇਹ 'ਇਫ਼ੈਕਟ' ਹੈ। ਕੋਈ ਤੁਹਾਨੂੰ ਫੁੱਲ ਚੜ੍ਹਾਵੇ ਤਾਂ ਤੁਸੀਂ ਖੁਸ਼ ਹੋ ਜਾਂਦੇ ਹੋ ਅਤੇ ਤੁਹਾਨੂੰ ਗਾਲ਼ ਕੱਢੇ ਤਾਂ ਤੁਸੀਂ ਚਿੜ ਜਾਂਦੇ ਹੋ। ਉਸ ਚਿੜਨ ਅਤੇ ਖੁਸ਼ ਹੋਣ ਵਿੱਚ ਬਾਹਰੀ ਦਰਸ਼ਨ ਦੀ ਕੀਮਤ ਨਹੀਂ ਹੈ। ਆਂਤਰਿਕ ਭਾਵ ਨਾਲ ਕਰਮ ਚਾਰਜ ਹੁੰਦੇ ਹਨ, ਉਸਦਾ ਫਿਰ ਅਗਲੇ ਜਨਮ ਵਿੱਚ 'ਡਿਸਚਾਰਜ' ਹੁੰਦਾ ਹੈ। ਉਸ ਸਮੇਂ ਉਹ 'ਇਫ਼ੈਕਟਿਵ' ਹੈ। ਇਹ ਮਨ-ਬਚਨ-ਕਾਇਆ ਤਿੰਨੇ 'ਇਫ਼ੈਕਟਿਵ' ਹਨ। 'ਇਫ਼ੈਕਟ' ਭੋਗਦੇ ਸਮੇਂ ਦੂਸਰੇ ਨਵੇਂ 'ਕਾਜ਼ਜ਼' ਉਤਪੰਨ ਹੁੰਦੇ ਹਨ, ਜੋ ਅਗਲੇ ਜਨਮ ਵਿੱਚ ਫਿਰ ਤੋਂ 'ਇਫ਼ੈਕਟਿਵ' ਹੁੰਦੇ ਹਨ। ਇਸ ਤਰ੍ਹਾਂ 'ਕਾਜ਼ਜ਼ ਐਂਡ

ਇਫ਼ੈਕਟ,' 'ਇਫ਼ੈਕਟ ਐਂਡ ਕਾਜ਼ਜ਼' ਇਹ ਕ੍ਰਮ ਨਿਰੰਤਰ ਚੱਲਦਾ ਹੀ ਰਹਿੰਦਾ ਹੈ।

ਕੇਵਲ ਮਨੁੱਖਾ ਜਨਮ ਵਿੱਚ ਹੀ 'ਕਾਜ਼ਜ਼' ਬੰਦ ਹੋ ਸਕਣ ਏਦਾਂ ਹੈ। ਹੋਰ ਸਾਰੀਆਂ ਗਤੀਆਂ ਵਿੱਚ ਤਾਂ ਸਿਰਫ਼ 'ਇਫ਼ੈਕਟ' ਹੀ ਹੈ। ਇੱਥੇ 'ਕਾਜ਼ਜ਼' ਐਂਡ 'ਇਫ਼ੈਕਟ' ਦੋਵੇ ਹਨ। ਅਸੀਂ ਗਿਆਨ ਦਿੰਦੇ ਹਾਂ, ਉਦੋਂ 'ਕਾਜ਼ਜ਼' ਬੰਦ ਕਰ ਦਿੰਦੇ ਹਾਂ। ਫਿਰ ਨਵਾਂ 'ਇਫ਼ੈਕਟ' ਨਹੀਂ ਹੁੰਦਾ ਹੈ।

## ਉਦੋਂ ਤੱਕ ਭਟਕਣਾ ਹੈ...

'ਇਫ਼ੈਕਟਿਵ ਬਾਡੀ' ਅਰਥਾਤ ਮਨ-ਬਚਨ-ਕਾਇਆ ਦੀਆਂ ਤਿੰਨ ਬੈਟਰੀਆਂ ਤਿਆਰ ਹੋ ਜਾਂਦੀਆਂ ਹਨ ਅਤੇ ਉਹਨਾਂ ਵਿੱਚੋਂ ਫਿਰ ਨਵੇਂ 'ਕਾਜ਼ਜ਼' ਉਤਪੰਨ ਹੁੰਦੇ ਰਹਿੰਦੇ ਹਨ। ਅਰਥਾਤ ਇਸ ਜਨਮ ਵਿੱਚ ਮਨ-ਬਚਨ-ਕਾਇਆ ਡਿਸਚਾਰਜ ਹੁੰਦੇ ਰਹਿੰਦੇ ਹਨ ਅਤੇ ਦੂਸਰੇ ਪਾਸੇ ਅੰਦਰ ਨਵਾਂ ਚਾਰਜ ਹੁੰਦਾ ਰਹਿੰਦਾ ਹੈ। ਜੋ ਮਨ-ਬਚਨ-ਕਾਇਆ ਦੀਆਂ ਬੈਟਰੀਆਂ ਚਾਰਜ ਹੁੰਦੀਆਂ ਰਹਿੰਦੀਆਂ ਹਨ, ਉਹ ਅਗਲੇ ਭਵ ਦੇ ਲਈ ਹਨ ਅਤੇ ਇਹ ਪਿਛਲੇ ਭਵ ਦੀਆਂ ਹਨ, ਉਹ ਹੁਣ ਡਿਸਚਾਰਜ ਹੁੰਦੀਆਂ ਰਹਿੰਦੀਆਂ ਹਨ। 'ਗਿਆਨੀ ਪੁਰਖ' ਨਵਾਂ 'ਚਾਰਜ' ਬੰਦ ਕਰ ਦਿੰਦੇ ਹਨ। ਇਸਲਈ ਪੁਰਾਣਾ 'ਡਿਸਚਾਰਜ' ਹੁੰਦਾ ਰਹਿੰਦਾ ਹੈ।

ਇਸ ਲਈ ਮੌਤ ਤੋਂ ਬਾਅਦ ਆਤਮਾ ਦੂਸਰੀ ਯੋਨੀ ਵਿੱਚ ਜਾਂਦਾ ਹੈ। ਜਦੋਂ ਤੱਕ ਖੁਦ ਦਾ 'ਸੈਲਫ਼ ਦਾ ਰੀਅਲਾਈਜ਼' (ਆਤਮਾ ਦੀ ਪਹਿਚਾਣ) ਨਹੀਂ ਹੁੰਦਾ, ਉਦੋਂ ਤੱਕ ਸਾਰੀਆਂ ਯੋਨੀਆਂ ਵਿੱਚ ਭਟਕਦਾ ਰਹਿੰਦਾ ਹੈ। ਜਦੋਂ ਤੱਕ ਮਨ ਵਿੱਚ ਤਨਮੈਕਾਰ ਹੁੰਦਾ ਹੈ, ਬੁੱਧੀ ਵਿੱਚ ਤਨਮੈਕਾਰ ਹੁੰਦਾ ਹੈ, ਉਦੋਂ ਤੱਕ ਸੰਸਾਰ ਖੜਾ ਰਹਿੰਦਾ ਹੈ। ਕਿਉਂਕਿ ਤਨਮੈਕਾਰ ਹੋਣਾ ਅਰਥਾਤ ਯੋਨੀ ਵਿੱਚ ਬੀਜ ਪੈਣਾਂ ਅਤੇ ਕ੍ਰਿਸ਼ਨ ਭਗਵਾਨ ਨੇ ਕਿਹਾ ਹੈ ਕਿ ਯੋਨੀ ਵਿੱਚ ਬੀਜ ਪੈਂਦਾ ਹੈ ਅਤੇ ਉਸ ਨਾਲ ਇਹ ਸੰਸਾਰ ਖੜਾ ਹੈ। ਯੋਨੀ ਵਿੱਚ ਬੀਜ ਪੈਣਾਂ ਬੰਦ ਹੋ ਗਿਆ ਕਿ ਉਸਦਾ ਸੰਸਾਰ ਸਮਾਪਤ ਹੋ ਗਿਆ।

## ਵਿਗਿਆਨ ਵਕਰਗਤੀ ਵਾਲਾ ਹੈ

**ਪ੍ਰਸ਼ਨਕਰਤਾ :** 'ਥਿਊਰੀ ਆਫ਼ ਇਵੋਲਿਊਸ਼ਨ' (ਉਤਕ੍ਰਾਂਤੀਵਾਦ) ਦੇ ਅਨੁਸਾਰ ਜੀਵ ਇੱਕ ਇੰਦਰੀ, ਦੋ ਇੰਦਰੀ ਏਦਾਂ 'ਡਿਵਲਪ' ਹੁੰਦਾ-ਹੁੰਦਾ ਮਨੁੱਖ ਵਿੱਚ ਆਉਂਦਾ ਹੈ ਅਤੇ ਮਨੁੱਖ ਵਿੱਚੋਂ ਫਿਰ ਵਾਪਸ ਜਾਨਵਰ ਵਿੱਚ ਜਾਂਦਾ ਹੈ। ਤਾਂ ਇਹ 'ਇਵੋਲਿਊਸ਼ਨ ਥਿਊਰੀ' ਵਿੱਚ ਜ਼ਰਾ ਵਿਰੋਧਾਭਾਸ ਲੱਗਦਾ ਹੈ। ਉਹ ਜ਼ਰਾ ਸਪਸ਼ਟ ਕਰ ਦਿਓ।

**ਦਾਦਾਸ਼੍ਰੀ :** ਨਹੀਂ। ਉਸ ਵਿੱਚ ਵਿਰੋਧਾਭਾਸ ਨਹੀਂ ਹੈ। 'ਇਵੋਲਿਊਸ਼ਨ ਦੀ ਥਿਊਰੀ' ਸਹੀ ਹੈ। ਕੇਵਲ ਮਨੁੱਖ ਤੱਕ ਹੀ 'ਇਵੋਲਿਊਸ਼ਨ ਦੀ ਥਿਊਰੀ' ਕਰੈਕਟ ਹੈ, ਫਿਰ ਉਸ ਤੋਂ ਅੱਗੇ ਦੀ ਗੱਲ ਉਹ ਲੋਕ ਜਾਣਦੇ ਹੀ ਨਹੀਂ ਹਨ।

**ਪ੍ਰਸ਼ਨਕਰਤਾ :** ਕੀ ਮਨੁੱਖ ਵਿੱਚੋਂ ਪਸ਼ੂ ਵਿੱਚ ਵਾਪਸ ਜਾਂਦਾ ਹੈ? ਪ੍ਰਸ਼ਨ ਇਹ ਹੈ।

**ਦਾਦਾਸ਼੍ਰੀ :** ਏਦਾਂ ਹੈ, ਪਹਿਲਾਂ ਡਾਰਵਿਨ ਦੀ ਥਿਊਰੀ 'ਉਤਕ੍ਰਾਂਤੀਵਾਦ' ਦੇ ਅਨੁਸਾਰ 'ਡਿਵਲਪ' ਹੁੰਦਾ-ਹੁੰਦਾ ਮਨੁੱਖ ਤੱਕ ਆਉਂਦਾ ਹੈ ਅਤੇ ਮਨੁੱਖ ਵਿੱਚ ਆਇਆ ਇਸ ਲਈ 'ਈਗੋਇਜ਼ਮ' (ਅਹੰਕਾਰ) ਨਾਲ ਹੋਣ ਤੇ ਕਰਤਾ ਹੁੰਦਾ ਹੈ। ਕਰਮ ਦਾ ਕਰਤਾ ਹੁੰਦਾ ਹੈ, ਇਸ ਲਈ ਫਿਰ ਕਰਮ ਦੇ ਅਨੁਸਾਰ ਉਸਨੂੰ ਭੋਗਣ ਜਾਣਾ ਪੈਂਦਾ ਹੈ। 'ਡੈਬਿਟ' (ਪਾਪ) ਕਰੇ, ਤਾਂ ਜਾਨਵਰ ਵਿੱਚ ਜਾਣਾ ਪੈਂਦਾ ਹੈ ਅਤੇ 'ਕ੍ਰੈਡਿਟ' (ਪੁੰਨ) ਕਰੇ, ਤਾਂ ਦੇਵਗਤੀ ਵਿੱਚ ਜਾਣਾ ਪੈਂਦਾ ਹੈ ਜਾਂ ਤਾਂ ਮਨੁੱਖ ਗਤੀ ਵਿੱਚ ਰਾਜਾ ਦਾ ਪਦ ਮਿਲਦਾ ਹੈ। ਸੋ: ਮਨੁੱਖ ਵਿੱਚ ਆਉਣ ਤੋਂ ਬਾਅਦ ਫਿਰ 'ਕ੍ਰੈਡਿਟ' ਅਤੇ 'ਡੈਬਿਟ' ਤੇ ਆਧਾਰਿਤ ਹੈ।

## ਫਿਰ ਨਹੀਂ ਹਨ ਚੌਰਾਸੀ ਯੋਨੀਆਂ

**ਪ੍ਰਸ਼ਨਕਰਤਾ :** ਪਰ ਏਦਾਂ ਕਹਿੰਦੇ ਹਨ ਨਾ ਕਿ ਮਾਨਵ ਜਨਮ, ਜੋ ਚੌਰਾਸੀ ਲੱਖ ਯੋਨੀਆਂ ਵਿੱਚ ਭਟਕ ਕੇ ਆਉਣ ਤੋਂ ਬਾਅਦ ਮਿਲਿਆ ਹੈ, ਉਹ ਫਿਰ ਤੋਂ ਉਨਾਂ ਭਟਕਣ ਤੋਂ ਬਾਅਦ ਮਾਨਵ ਜਨਮ ਮਿਲਦਾ ਹੈ ਨਾ?

**ਦਾਦਾਸ਼੍ਰੀ :** ਨਹੀਂ, ਏਦਾਂ ਕੁੱਝ ਨਹੀਂ ਹੈ। ਇੱਕ ਵਾਰ ਮਨੁੱਖ ਜਨਮ ਵਿੱਚ ਆਇਆ ਅਤੇ ਫਿਰ ਪੂਰੀ ਚੌਰਾਸੀ ਵਿੱਚ ਭਟਕਣਾ ਨਹੀਂ ਪੈਂਦਾ। ਉਸਨੂੰ ਜੇ ਪਾਸ਼ਵਤਾ ਦੇ ਵਿਚਾਰ ਆਉਣ ਤਾਂ ਜ਼ਿਆਦਾ ਤੋਂ ਜ਼ਿਆਦਾ ਅੱਠ ਜਨਮ ਉਸਨੂੰ ਪਸ਼ੂ ਯੋਨੀ ਵਿੱਚ ਜਾਣਾ ਪੈਂਦਾ ਹੈ, ਉਹ ਵੀ ਸਿਰਫ਼ ਸੌ-ਦੋ ਸੌ ਸਾਲਾਂ ਦੇ ਲਈ। ਫਿਰ ਵਾਪਸ ਇੱਥੇ ਦਾ ਇੱਥੇ ਹੀ ਮਨੁੱਖ ਵਿੱਚ ਆਉਂਦਾ ਹੈ। ਇੱਕ ਵਾਰ ਮਨੁੱਖ ਹੋਣ ਤੋਂ ਬਾਅਦ ਚੌਰਾਸੀ ਲੱਖ ਫੇਰਿਆਂ ਵਿੱਚ ਭਟਕਣਾ ਨਹੀਂ ਹੁੰਦਾ।

**ਪ੍ਰਸ਼ਨਕਰਤਾ :** ਇੱਕ ਹੀ ਆਤਮਾ ਚੌਰਾਸੀ ਲੱਖ ਫੇਰੇ ਫਿਰਦਾ ਹੈ ਨਾ?

**ਦਾਦਾਸ਼੍ਰੀ :** ਹਾਂ, ਇੱਕ ਹੀ ਆਤਮਾ।

**ਪ੍ਰਸ਼ਨਕਰਤਾ :** ਪਰ ਆਤਮਾ ਤਾਂ ਪਵਿੱਤਰ ਹੈ ਨਾ?

**ਦਾਦਾਸ਼੍ਰੀ :** ਆਤਮਾ ਪਵਿੱਤਰ ਤਾਂ ਇਸ ਸਮੇਂ ਵੀ ਹੈ। ਚੌਰਾਸੀ ਲੱਖ ਯੋਨੀਆਂ ਵਿੱਚ ਫਿਰਦੇ ਹੋਏ ਵੀ ਪਵਿੱਤਰ ਰਿਹਾ ਹੈ! ਪਵਿੱਤਰ ਸੀ ਅਤੇ ਪਵਿੱਤਰ ਹੀ ਰਹੇਗਾ!

## ਵਾਸ਼ਨਾ ਦੇ ਅਨੁਸਾਰ ਗਤੀ

**ਪ੍ਰਸ਼ਨਕਰਤਾ :** ਮਰਨ ਤੋਂ ਪਹਿਲਾਂ ਜਿਵੇਂ ਦੀ ਵਾਸ਼ਨਾ ਹੋਵੇ, ਉਸ ਰੂਪ ਵਿੱਚ ਜਨਮ ਹੁੰਦਾ ਹੈ ਨਾ?

**ਦਾਦਾਸ਼੍ਰੀ :** ਹਾਂ, ਉਹ ਵਾਸ਼ਨਾ, ਆਪਣੇ ਲੋਕ ਜੋ ਕਹਿੰਦੇ ਹਨ ਨਾ ਕਿ ਮਰਨ ਤੋਂ ਪਹਿਲਾਂ ਇਹੋ ਜਿਹੀ ਵਾਸ਼ਨਾ ਸੀ, ਪਰ ਉਹ ਵਾਸ਼ਨਾ ਕੁੱਝ ਲਿਆਉਣੀ ਨਹੀਂ ਪੈਂਦੀ। ਉਹ ਤਾਂ ਹਿਸਾਬ ਹੈ, ਸਾਰੀ ਜ਼ਿੰਦਗੀ ਦਾ। ਸਾਰੀ ਜ਼ਿੰਦਗੀ ਤੁਸੀਂ ਜੋ ਕੀਤਾ ਹੈ, ਉਸਦਾ ਮਰਨ ਦੇ ਸਮੇਂ ਆਖਰੀ ਘੰਟਾ ਹੁੰਦਾ ਹੈ ਉਦੋਂ ਹਿਸਾਬ ਆਉਂਦਾ ਹੈ ਅਤੇ ਉਸ ਹਿਸਾਬ ਦੇ ਅਨੁਸਾਰ ਉਸਦੀ ਗਤੀ ਹੋ ਜਾਂਦੀ ਹੈ।

## ਕੀ ਮਨੁੱਖ ਵਿੱਚੋਂ ਮਨੁੱਖ ਹੀ?

**ਪ੍ਰਸ਼ਨਕਰਤਾ :** ਮਨੁੱਖ ਵਿੱਚੋਂ ਮਨੁੱਖ ਵਿੱਚ ਹੀ ਜਾਣ ਵਾਲੇ ਹੈਂ ਨਾ?

**ਦਾਦਾਸ਼੍ਰੀ :** ਉਹ ਖੁਦ ਦੀ ਸਮਝ ਵਿੱਚ ਭੁੱਲ ਹੈ। ਬਾਕੀ ਇਸਤਰੀ ਦੀ ਕੁੱਖ ਵਿੱਚੋਂ ਮਨੁੱਖ ਹੀ ਜਨਮ ਲੈਂਦਾ ਹੈ। ਉੱਥੇ ਕੋਈ ਗਧਾ ਨਹੀਂ ਜੰਮਦਾ। ਪਰ ਉਹ ਇਸ ਤਰ੍ਹਾਂ ਸਮਝ ਬੈਠਿਆ ਕਿ ਅਸੀਂ ਮਰ ਜਾਵਾਂਗੇ ਫਿਰ ਵੀ ਮਨੁੱਖ ਵਿੱਚ ਹੀ ਜਨਮਾਂਗੇ ਤਾਂ ਉਹ ਭੁੱਲ ਹੈ। ਓਏ, ਮਰਜਾਣਿਆ ਤੇਰੇ ਵਿਚਾਰ ਤਾਂ ਗਧੇ ਦੇ ਹਨ, ਫਿਰ ਮਨੁੱਖ ਕਿਸ ਤਰ੍ਹਾਂ ਹੋਣ ਵਾਲਾ ਹੈਂ? ਤੈਨੂੰ ਵਿਚਾਰ ਆਉਂਦੇ ਹਨ, ਕਿਸ ਦਾ ਭੋਗ ਲਵਾਂ, ਕਿਸ ਦਾ ਲੈ ਲਵਾਂ। ਬਿਨਾਂ ਹੱਕ ਦਾ ਭੋਗਣ ਦੇ ਵਿਚਾਰ ਆਉਂਦੇ ਹਨ, ਉਹ ਵਿਚਾਰ ਹੀ ਲੈ ਜਾਂਦੇ ਹਨ, ਆਪਣੀ ਗਤੀ ਵਿੱਚ!

**ਪ੍ਰਸ਼ਨਕਰਤਾ :** ਜੀਵ ਦਾ ਇਹੋ ਜਿਹਾ ਕੋਈ ਕ੍ਰਮ ਹੈ ਕਿ ਮਨੁੱਖ ਵਿੱਚ ਆਉਣ ਤੋਂ ਬਾਅਦ ਮਨੁੱਖ ਵਿੱਚ ਹੀ ਆਵੇ ਜਾਂ ਦੂਸਰੀ ਥਾਂ ਕਿਤੇ ਜਾਵੇ?

**ਦਾਦਾਸ਼੍ਰੀ :** ਹਿੰਦੁਸਤਾਨ ਵਿੱਚ ਮਨੁੱਖ ਜਨਮ ਵਿੱਚ ਆਉਣ ਤੋਂ ਬਾਅਦ ਚਾਰੇ ਗਤੀਆਂ ਵਿੱਚ ਭਟਕਣਾ ਪੈਂਦਾ ਹੈ। ਫੌਰਨ ਦੇ ਮਨੁੱਖਾਂ ਵਿੱਚ ਏਦਾਂ ਨਹੀਂ ਹੈ। ਉਹਨਾਂ ਵਿੱਚ ਦੋ-ਪੰਜ ਪ੍ਰਤੀਸ਼ਤ ਅਪਵਾਦ ਹੁੰਦਾ ਹੈ। ਦੂਸਰੇ ਸਭ ਉੱਪਰ ਚੜਦੇ ਹੀ ਰਹਿੰਦੇ ਹਨ।

**ਪ੍ਰਸ਼ਨਕਰਤਾ :** ਲੋਕ ਜਿਸ ਨੂੰ ਵਿਧਾਤਾ ਕਹਿੰਦੇ ਹਨ, ਉਹ ਕਿਸ ਨੂੰ ਕਹਿੰਦੇ ਹਨ?

**ਦਾਦਾਸ਼੍ਰੀ :** ਉਹ ਕੁਦਰਤ ਨੂੰ ਹੀ ਵਿਧਾਤਾ ਕਹਿੰਦੇ ਹਨ। ਵਿਧਾਤਾ ਨਾਮ ਦੀ ਕੋਈ ਦੇਵੀ ਨਹੀਂ ਹੈ। 'ਸਾਇੰਟਿਫ਼ਿਕ ਸਰਮਕਸਟਾਂਸ਼ਿਅਲ ਐਵੀਡੈਂਸ' (ਵਿਗਿਆਨਿਕ ਸੰਯੋਗਿਕ ਪ੍ਰਮਾਣ), ਉਹੀ ਵਿਧਾਤਾ ਹੈ। ਸਾਡੇ ਲੋਕਾਂ ਨੇ ਤੈਅ ਕੀਤਾ ਕਿ ਸ਼ਠੀ ਦੇ (ਛੇਵੇਂ) ਦਿਨ ਵਿਧਾਤਾ ਲੇਖ ਲਿਖ ਜਾਂਦੀ ਹੈ। ਵਿਕਲਪਾਂ ਨਾਲ ਇਹ ਸਭ ਠੀਕ ਹੈ ਅਤੇ ਵਾਸਤਵਿਕ ਜਾਣਨਾ ਹੋਵੇ ਤਾਂ ਇਹ ਸਚ ਨਹੀਂ ਹੈ।

ਇੱਥੇ ਤਾਂ ਕਾਨੂੰਨ ਇਹ ਹੈ ਕਿ ਜਿਸਨੇ ਬਿਨਾਂ ਹੱਕ ਦਾ ਲਿਆ, ਉਸਦੇ ਦੋ ਪੈਰਾਂ ਤੋਂ ਚਾਰ ਪੈਰ ਹੋ ਜਾਣਗੇ। ਪਰ ਉਹ ਹਮੇਸ਼ਾਂ ਦੇ ਲਈ ਨਹੀਂ ਹੈ। ਜਿਆਦਾ ਤੋਂ ਜਿਅਦਾ ਦੋ ਸੌ ਸਾਲ ਅਤੇ ਬਹੁਤ ਹੋਇਆ ਤਾਂ ਸੱਤ-ਅੱਠ

ਜਨਮ ਜਾਨਵਰ ਵਿੱਚ ਜਾਂਦੇ ਹਨ ਅਤੇ ਘੱਟ ਤੋਂ ਘੱਟ, ਪੰਜ ਹੀ ਮਿੰਟਾਂ ਵਿੱਚ ਜਾਨਵਰ ਵਿੱਚ ਜਾ ਕੇ, ਫਿਰ ਤੋਂ ਮਨੁੱਖ ਵਿੱਚ ਆ ਜਾਂਦਾ ਹੈ। ਕਿੰਨੇ ਹੀ ਜੀਵ ਇਹੋ ਜਿਹੇ ਹਨ ਕਿ ਇੱਕ ਮਿੰਟ ਵਿੱਚ ਸਤਾਰਾਂ ਅਵਤਾਰ ਬਦਲਦੇ ਹਨ, ਅਰਥਾਤ ਇਹੋ ਜਿਹੇ ਵੀ ਜੀਵ ਹਨ। ਇਸ ਲਈ ਜਾਨਵਰ ਵਿੱਚ ਗਏ, ਉਹਨਾਂ ਸਭ ਨੂੰ ਸੌ- ਦੋ ਸੌ ਸਾਲ ਦਾ ਆਯੂਸ਼ਯ (ਉਮਰ) ਨਹੀਂ ਮਿਲਣ ਵਾਲਾ ਹੈ।

## ਉਹ ਸਮਝ ਵਿੱਚ ਆਵੇ ਲੱਛਣਾਂ ਤੋਂ

**ਪ੍ਰਸ਼ਨਕਰਤਾ :** ਇਹ ਜਾਨਵਰ ਯੋਨੀ ਵਿੱਚ ਜਾਣ ਵਾਲੇ ਹਨ, ਇਸਦਾ ਸਬੂਤ ਤਾਂ ਦੱਸੋ ਕੁੱਝ, ਉਸਨੂੰ ਵਿਗਿਆਨਿਕ ਆਧਾਰ ਤੇ ਕਿਸ ਤਰ੍ਹਾਂ ਮੰਨੀਏ?

**ਦਾਦਾਸ਼੍ਰੀ :** ਇੱਥੇ ਕੋਈ ਵੀ ਭੌਂਕਦਾ ਰਹਿੰਦਾ ਹੋਵੇ ਇਹੋ ਜਿਹਾ ਮਨੁੱਖ ਮਿਲਿਆ ਹੈ ਤੁਹਾਨੂੰ? 'ਕੀ ਭੌਂਕਦਾ ਰਹਿੰਦਾ ਹੈਂ?' ਏਦਾਂ ਤੁਸੀਂ ਉਸਨੂੰ ਕਿਹਾ ਸੀ? ਉਹ ਉੱਥੇ ਤੋਂ ਹੀ, ਕੁੱਤੇ ਵਿੱਚੋਂ ਆਇਆ ਹੈ। ਕੋਈ ਬਾਂਦਰ ਦੀ ਤਰ੍ਹਾਂ ਹਰਕਤਾਂ ਕਰੇ, ਇਹੋ ਜਿਹੇ ਹੁੰਦੇ ਹਨ! ਉਹ ਉੱਥੇ ਤੋਂ ਆਏ ਹੁੰਦੇ ਹਨ। ਕੋਈ ਬਿੱਲੀ ਦੀ ਤਰ੍ਹਾਂ ਏਦਾਂ ਬੈਠੇ ਦੇਖਦੇ ਰਹਿੰਦੇ ਹਨ, ਤੁਹਾਡਾ ਕੁੱਝ ਲੈ ਲੈਣ ਦੇ ਲਈ, ਖੋਹ ਲੈਣ ਦੇ ਲਈ। ਉਹ ਉੱਥੇ ਤੋਂ ਆਏ ਹੁੰਦੇ ਹਨ। ਅਰਥਾਤ ਇੱਥੇ, ਕਿੱਥੇ ਤੋਂ ਆਏ ਹਨ ਉਹ, ਇਹ ਵੀ ਪਛਾਣ ਸਕਦੇ ਹਾਂ ਅਤੇ ਕਿੱਥੇ ਜਾਣ ਵਾਲੇ ਹਨ, ਇਹ ਵੀ ਪਛਾਣ ਸਕਦੇ ਹਾਂ ਅਤੇ ਉਹ ਵੀ ਫਿਰ ਸਦਾ ਦੇ ਲਈ ਨਹੀਂ। ਇਹ ਲੋਕ ਤਾਂ ਕਿਹੋ ਜਿਹੇ ਹਨ, ਇਹਨਾਂ ਨੂੰ ਪਾਪ ਕਰਨਾ ਵੀ ਆਉਂਦਾ ਹੀ ਨਹੀਂ ਹੈ।

ਇਸ ਕਲਿਯੁਗ ਦੇ ਲੋਕਾਂ ਨੂੰ ਪਾਪ ਕਰਨਾ ਆਉਂਦਾ ਨਹੀਂ ਹੈ ਅਤੇ ਕਰਦੇ ਹਨ ਪਾਪ ਹੀ! ਇਸ ਲਈ ਉਹਨਾਂ ਦੇ ਪਾਪਾਂ ਦਾ ਫ਼ਲ ਕਿਹੋ ਜਿਹਾ ਹੁੰਦਾ ਹੈ? ਬਹੁਤ ਹੋਇਆ ਤਾਂ ਪੰਜਾਹ-ਸੌ ਸਾਲ ਜਾਨਵਰ ਵਿੱਚ ਜਾ ਕੇ ਵਾਪਸ ਇੱਥੇ ਦਾ ਇੱਥੇ ਹੀ ਆਉਂਦਾ ਹੈ, ਹਜ਼ਾਰਾਂ ਸਾਲ ਜਾਂ ਲੱਖਾਂ ਸਾਲ ਨਹੀਂ। ਕਿੰਨੇ ਤਾਂ ਪੰਜ ਹੀ ਸਾਲਾਂ ਵਿੱਚ ਜਾਨਵਰ ਵਿੱਚ ਜਾ ਕੇ ਵਾਪਸ ਆ ਜਾਂਦੇ ਹਨ। ਇਸ ਲਈ ਜਾਨਵਰ ਵਿੱਚ ਜਾਣਾ, ਉਸਨੂੰ ਗੁਨਾਹ ਨਾ ਸਮਝਣਾ। ਕਿਉਂਕਿ

ਉਹ ਤਾਂ ਤੁਰੰਤ ਹੀ ਵਾਪਸ ਆਉਂਦੇ ਹਨ ਵਿਚਾਰੇ! ਕਿਉਂਕਿ ਇਹੋ ਜਿਹੇ ਪਾਪ ਹੀ ਕਰਦੇ ਨਹੀਂ ਨਾ! ਇਹਨਾਂ ਵਿੱਚ ਸ਼ਕਤੀ ਹੀ ਨਹੀਂ ਹੈ ਇਹੋ ਜਿਹੇ ਪਾਪ ਕਰਨ ਦੀ।

## ਨਿਯਮ, ਹਾਨੀ-ਵਰਿੱਧੀ (ਘਟਣ-ਵਧਣ) ਦਾ

**ਪ੍ਰਸ਼ਨਕਰਤਾ :** ਇਹ ਮਨੁੱਖਾਂ ਦੀ ਜਨਸੰਖਿਆ ਵੱਧਦੀ ਹੀ ਗਈ ਹੈ, ਇਸਦਾ ਅਰਥ ਇਹ ਹੈ ਕਿ ਜਾਨਵਰ ਘਟੇ ਹਨ?

**ਦਾਦਾਸ਼੍ਰੀ :** ਹਾਂ, ਸਹੀ ਹੈ। ਜਿੰਨੇ ਆਤਮਾ ਹਨ, ਉਨੇ ਹੀ ਆਤਮਾ ਰਹਿੰਦੇ ਹਨ, ਪਰ 'ਕਨਵਰਜ਼ਨ' (ਰੂਪਾਂਤਰ) ਹੁੰਦਾ ਰਹਿੰਦਾ ਹੈ। ਕਦੇ ਮਨੁੱਖ ਵੱਧ ਜਾਂਦੇ ਹਨ, ਉਦੋਂ ਜਾਨਵਰ ਘੱਟ ਹੁੰਦੇ ਹਨ ਅਤੇ ਕਦੇ ਜਾਨਵਰ ਵੱਧ ਜਾਂਦੇ ਹਨ, ਉਦੋਂ ਮਨੁੱਖ ਘੱਟ ਹੋ ਜਾਂਦੇ ਹਨ। ਏਦਾਂ ਕਨਵਰਜ਼ਨ ਹੁੰਦਾ ਰਹਿੰਦਾ ਹੈ। ਹੁਣ ਫਿਰ ਤੋਂ ਮਨੁੱਖ ਘੱਟਣਗੇ। ਹੁਣ ਸੰਨ 1993 ਤੋਂ ਸ਼ੁਰੂਆਤ ਹੋਵੇਗੀ ਘਟਣ ਦੀ!

ਉਦੋਂ ਲੋਕ ਕੈਲਕੁਲੇਸ਼ਨ (ਗਿਣਤੀ) ਕਰਦੇ ਹਨ ਕਿ ਸੰਨ 2000 ਵਿੱਚ ਏਦਾਂ ਹੋ ਜਾਵੇਗਾ ਅਤੇ ਉਦਾਂ ਹੋ ਜਾਵੇਗਾ, ਹਿੰਦੁਸਤਾਨ ਦੀ ਆਬਾਦੀ ਵੱਧ ਜਾਵੇਗੀ, ਫਿਰ ਅਸੀਂ ਕੀ ਖਾਵਾਂਗੇ? ਏਦਾਂ ਕੈਲਕੁਲੇਸ਼ਨ ਕਰਦੇ ਹਨ, ਨਹੀਂ ਕਰਦੇ? ਉਹ ਕਿਸ ਦੀ ਤਰ੍ਹਾਂ ਹੈ? 'ਸਿਮਲੀ', ਉਪਮਾ ਦੱਸਾਂ?

ਇੱਕ ਚੌਦਾਂ ਸਾਲ ਦਾ ਲੜਕਾ ਹੋਵੇ, ਉਸਦਾ ਕੱਦ ਚਾਰ ਫੁੱਟ ਅਤੇ ਚਾਰ ਇੰਚ ਹੋਵੇ ਅਤੇ ਅਠਾਰਵੇਂ ਸਾਲ ਵਿੱਚ ਪੰਜ ਫੁੱਟ ਲੰਬਾ ਹੋਵੇ। ਤਾਂ ਕਹਿੰਦੇ ਹਨ, ਚਾਰ ਸਾਲ ਵਿੱਚ ਅੱਠ ਇੰਚ ਵਧਿਆ, ਤਾਂ ਇਹ ਸੱਤਰਵੇਂ ਸਾਲ ਵਿੱਚ ਕਿੱਡਾ ਹੋਵੇਗਾ? ਇਸ ਤਰ੍ਹਾਂ ਕੈਲਕੁਲੇਸ਼ਨ ਕਰੀਏ, ਉਸਦੀ ਤਰ੍ਹਾਂ ਇਹ ਆਬਾਦੀ ਦੀ ਕੈਲਕੁਲੇਸ਼ਨ ਕਰਦੇ ਹਨ!

## ਬੱਚਿਆਂ ਨੂੰ ਦੁੱਖ ਕਿਉਂ?

**ਪ੍ਰਸ਼ਨਕਰਤਾ :** ਨਿਰਦੋਸ਼ ਬੱਚੇ ਨੂੰ ਸ਼ਾਰੀਰਕ ਵੇਦਨਾ ਭੁਗਤਣੀ ਪੈਂਦੀ ਹੈ? ਉਸਦਾ ਕੀ ਕਾਰਣ ਹੈ?

**ਦਾਦਾਸ਼੍ਰੀ :** ਬੱਚੇ ਦੇ ਕਰਮ ਦਾ ਉਦੈ ਬੱਚੇ ਨੂੰ ਭੁਗਤਣਾ ਪੈਂਦਾ ਹੈ ਅਤੇ 'ਮਦਰ' ਨੂੰ ਉਹ ਦੇਖ ਕੇ ਭੁਗਤਣਾ ਹੈ। ਮੂਲ ਕਰਮ ਬੱਚੇ ਦਾ, ਉਸ ਵਿੱਚ ਮਦਰ ਦੀ ਅਨੁਮੋਦਨਾ ਸੀ, ਇਸ ਲਈ 'ਮਦਰ' ਨੂੰ ਦੇਖ ਕੇ ਭੁਗਤਣਾ ਹੈ। ਕਰਨਾ, ਕਰਵਾਉਣਾ ਅਤੇ ਅਨੁਮੋਦਨਾ ਕਰਨਾ - ਇਹ ਤਿੰਨ ਕਰਮ ਬੰਧਨ ਦੇ ਕਾਰਣ ਹਨ।

## ਮਨੁੱਖ ਭਵ ਦੀ ਮਹੱਤਤਾ

ਮਨੁੱਖ ਦੇਹ ਵਿੱਚ ਆਉਣ ਤੋਂ ਬਾਅਦ ਹੋਰ ਗਤੀਆਂ ਵਿੱਚ ਜਿਵੇਂ ਕਿ ਦੇਵ, ਤ੍ਰਿਅੰਚ ਜਾਂ ਨਰਕ ਵਿੱਚ ਜਾ ਕੇ ਆਉਣ ਤੋਂ ਬਾਅਦ ਫਿਰ ਤੋਂ ਮਨੁੱਖ ਦੇਹ ਪ੍ਰਾਪਤ ਹੁੰਦੀ ਹੈ ਅਤੇ ਭਟਕਣ ਦਾ ਅੰਤ ਵੀ ਮਨੁੱਖ ਵਿੱਚੋਂ ਹੀ ਮਿਲਦਾ ਹੈ। ਇਹ ਮਨੁੱਖ ਦੇਹ ਜੇ ਸਾਰਥਕ ਕਰਨਾ ਆਇਆ ਤਾਂ ਮੋਕਸ਼ ਦੀ ਪ੍ਰਾਪਤੀ ਹੋ ਸਕੇ ਏਦਾਂ ਹੈ ਅਤੇ ਨਹੀਂ ਆਵੇ ਤਾਂ ਭਟਕਣ ਦਾ ਸਾਧਨ ਵਧਾ ਦੇਵੇ, ਏਦਾਂ ਵੀ ਹੈ! ਦੂਸਰੀਆਂ ਗਤੀਆਂ ਵਿੱਚ ਕੇਵਲ ਛੁੱਟਦਾ ਹੈ। ਇਸ ਵਿੱਚ ਦੋਵੇਂ ਹੀ ਹਨ। ਛੁੱਟਦਾ ਹੈ ਅਤੇ ਨਾਲ-ਨਾਲ ਬੰਧਦਾ ਵੀ ਹੈ। ਇਸ ਲਈ ਦੁਰਲਭ ਮਨੁੱਖ ਦੇਹ ਪ੍ਰਾਪਤ ਹੋਈ ਹੈ, ਤਾਂ ਉਸ ਨਾਲ ਆਪਣਾ ਕੰਮ ਕੱਢ ਲਓ। ਅਨੰਤ ਅਵਤਾਰ ਆਤਮਾ ਨੇ ਦੇਹ ਦੇ ਲਈ ਬਤੀਤ ਕੀਤੇ। ਇੱਕ ਅਵਤਾਰ ਜੇ ਦੇਹ ਆਤਮਾ ਦੇ ਲਈ ਕੱਢੇ ਤਾਂ ਕੰਮ ਹੀ ਹੋ ਜਾਵੇਗਾ।

ਮਨੁੱਖ ਦੇਹ ਵਿੱਚ ਹੀ ਜੇ ਗਿਆਨੀ ਪੁਰਖ ਮਿਲਣ ਤਾਂ ਮੋਕਸ਼ ਦਾ ਉਪਾਅ ਹੋ ਜਾਵੇ। ਦੇਵਤਾ ਵੀ ਮਨੁੱਖ ਦੇਹ ਦੇ ਲਈ ਤਰਸਦੇ ਹਨ। ਗਿਆਨੀ ਪੁਰਖ ਨਾਲ ਭੇਂਟ ਹੋਣ ਤੇ, ਤਾਰ ਜੁੜਨ ਤੇ, ਅਨੰਤ ਜਨਮਾਂ ਤੱਕ ਦੁਸ਼ਮਣ ਸਮਾਨ ਹੋਈ ਦੇਹ ਪਰਮ ਮਿੱਤਰ ਬਣ ਜਾਂਦੀ ਹੈ! ਇਸ ਲਈ, ਇਸ ਦੇਹ ਵਿੱਚ ਤੁਹਾਨੂੰ ਗਿਆਨੀ ਪੁਰਖ ਮਿਲੇ ਹਨ, ਤਾਂ ਪੂਰਾ-ਪੂਰਾ ਕੰਮ ਕੱਢ ਲਓ। ਪੂਰਾ ਹੀ ਤਾਰ ਜੋੜ ਕੇ ਤੜੀਪਾਰ ਉੱਤਰ ਜਾਓ।

## ਅਜਨਮ-ਅਮਰ ਨੂੰ ਆਵਾਗਮਨ ਕਿੱਥੇ ਤੋਂ?

**ਪ੍ਰਸ਼ਨਕਰਤਾ :** ਪਰੰਤੂ ਆਵਾਗਮਨ ਦਾ ਫੇਰਾ ਕਿਸ ਨੂੰ ਹੈ?

**ਦਾਦਾਸ਼੍ਰੀ :** ਜੋ ਅਹੰਕਾਰ ਹੈ ਨਾ, ਉਸਨੂੰ ਆਵਾਗਮਨ ਹੈ। ਆਤਮਾ ਤਾਂ ਮੂਲ ਦਸ਼ਾ ਵਿੱਚ ਹੀ ਹੈ। ਅਹੰਕਾਰ ਫਿਰ ਬੰਦ ਹੋ ਜਾਂਦਾ ਹੈ, ਇਸ ਲਈ ਉਸਦੇ ਫੇਰੇ ਬੰਦ ਹੋ ਜਾਂਦੇ ਹਨ!

## ਫਿਰ ਮੌਤ ਦਾ ਵੀ ਭੈਅ ਨਹੀਂ

**ਪ੍ਰਸ਼ਨਕਰਤਾ :** ਸਿਰਫ਼ ਇਹ ਸਨਾਤਨ ਸ਼ਾਂਤੀ ਪ੍ਰਾਪਤ ਕਰੇ ਤਾਂ ਉਹ ਇਸ ਜਨਮ ਦੇ ਲਈ ਹੀ ਹੁੰਦੀ ਹੈ ਜਾਂ ਜਨਮੋ ਜਨਮ ਦੀ ਹੁੰਦੀ ਹੈ?

**ਦਾਦਾਸ਼੍ਰੀ :** ਨਹੀਂ। ਉਹ ਤਾਂ ਪਰਮਾਨੈਂਟ ਹੋ ਗਈ। ਫਿਰ ਕਰਤਾ ਹੀ ਨਹੀਂ ਰਿਹਾ, ਇਸ ਲਈ ਕਰਮ ਬੰਧਦੇ ਨਹੀਂ। ਇੱਕ-ਅਾਧ ਅਵਤਾਰ ਵਿੱਚ ਜਾਂ ਦੋ ਅਵਤਾਰਾਂ ਵਿੱਚ ਮੋਕਸ਼ ਹੁੰਦਾ ਹੀ ਹੈ। ਜਿਸਨੇ ਮੋਕਸ਼ ਵਿੱਚ ਨਾ ਜਾਣਾ ਹੋਵੇ, ਉਸਨੂੰ ਇਹ ਧੰਦਾ ਹੀ ਨਹੀਂ ਕਰਨਾ ਚਾਹੀਦਾ। ਇਸ ਲਾਈਨ ਵਿੱਚ ਪੈਣਾ ਹੀ ਨਹੀਂ। ਜਿਸਨੂੰ ਮੋਕਸ਼ ਪਸੰਦ ਨਾ ਹੋਵੇ, ਉਸਨੂੰ ਇਸ ਲਾਈਨ ਵਿੱਚ ਨਹੀਂ ਪੈਣਾ ਚਾਹੀਦਾ।

**ਪ੍ਰਸ਼ਨਕਰਤਾ :** ਇਹ ਸਭ 'ਗਿਆਨ' ਹੈ, ਉਹ ਦੂਸਰੇ ਜਨਮ ਵਿੱਚ ਜਾਵੇ, ਤਾਂ ਕੀ ਯਾਦ ਰਹਿੰਦਾ ਹੈ?

**ਦਾਦਾਸ਼੍ਰੀ :** ਸਭ ਉਸੇ ਰੂਪ ਵਿੱਚ ਹੋਵੇਗਾ। ਬਦਲੇਗਾ ਹੀ ਨਹੀਂ। ਕਿਉਂਕਿ ਕਰਮ ਬੰਧਦੇ ਨਹੀਂ, ਇਸ ਲਈ ਫਿਰ ਉਲਝਨਾਂ ਹੀ ਖੜੀਆਂ ਨਹੀਂ ਹੁੰਦੀਆਂ ਨਾ!

**ਪ੍ਰਸ਼ਨਕਰਤਾ :** ਤਾਂ ਇਸਦਾ ਅਰਥ ਇਹ ਹੋਇਆ ਕਿ ਸਾਡੇ ਗਤ ਜਨਮ ਦੇ ਇਹੋ ਜਿਹੇ ਕਰਮ ਹੁੰਦੇ ਹਨ, ਜਿਨਾਂ ਨੂੰ ਲੈ ਕੇ ਗੁੱਥੀਆਂ ਹੀ ਚੱਲਦੀਆਂ ਰਹਿੰਦੀਆਂ ਹਨ?

**ਦਾਦਾਸ਼੍ਰੀ :** ਪਿਛਲੇ ਅਵਤਾਰ ਵਿੱਚ ਅਗਿਆਨਤਾ ਨਾਲ ਕਰਮ ਬੰਧੇ, ਉਹਨਾਂ ਕਰਮਾਂ ਦਾ ਇਹ ਇਫ਼ੈਕਟ ਹੈ ਹੁਣ। ਇਫ਼ੈਕਟ ਭੋਗਣੇ ਪੈਂਦੇ ਹਨ। ਇਫ਼ੈਕਟ ਭੋਗਦੇ-ਭੋਗਦੇ, ਫਿਰ ਜੇ ਗਿਆਨੀ ਨਾ ਮਿਲੇ, ਤਾਂ ਫਿਰ ਤੋਂ ਨਵੇਂ ਕਾਜ਼ਜ਼ ਅਤੇ ਪਰਿਣਾਮ ਸਵਰੂਪ ਨਵੇਂ ਇਫ਼ੈਕਟ ਖੜੇ ਹੁੰਦੇ ਰਹਿੰਦੇ ਹਨ।

ਇਫ਼ੈਕਟ ਵਿੱਚੋਂ ਫਿਰ ਕਾਜ਼ਜ਼ ਉਤਪੰਨ ਹੁੰਦੇ ਹੀ ਰਹਿਣਗੇ ਅਤੇ ਉਹ ਕਾਜ਼ਜ਼ ਫਿਰ ਅਗਲੇ ਜਨਮ ਵਿੱਚ ਇਫ਼ੈਕਟ ਹੋਣਗੇ। ਕਾਜ਼ਜ਼ ਐਂਡ ਇਫ਼ੈਕਟ, ਇਫ਼ੈਕਟ ਐਂਡ ਕਾਜ਼ਜ਼, ਕਾਜ਼ਜ਼ ਐਂਡ ਇਫ਼ੈਕਟ, ਇਫ਼ੈਕਟ ਐਂਡ ਕਾਜ਼ਜ਼, ਕਾਜ਼ਜ਼ ਐਂਡ ਇਫ਼ੈਕਟ ਇਹ ਚਲਦਾ ਹੀ ਰਹਿੰਦਾ ਹੈ। ਇਸਲਈ ਗਿਆਨੀ ਪੁਰਖ ਜਦੋਂ ਕਾਜ਼ਜ਼ ਬੰਦ ਕਰ ਦਿੰਦੇ ਹਨ, ਤਾਂ ਸਿਰਫ਼ ਇਫ਼ੈਕਟ ਹੀ ਭੁਗਤਣ ਦਾ ਰਿਹਾ। ਇਸ ਲਈ ਕਰਮ ਬੰਧਣੇ ਬੰਦ ਹੋ ਗਏ।

ਇਸ ਲਈ ਸਭ 'ਗਿਆਨ' ਯਾਦ ਰਹਿੰਦਾ ਹੀ ਹੈ, ਇੰਨਾ ਹੀ ਨਹੀਂ, ਪਰ ਖੁਦ ਉਹ ਸਵਰੂਪ ਹੀ ਹੋ ਜਾਂਦਾ ਹੈ। ਫਿਰ ਤਾਂ ਮਰਨ ਦਾ ਵੀ ਭੈਅ (ਡਰ) ਨਹੀਂ ਲੱਗਦਾ। ਕਿਸੇ ਦਾ ਡਰ ਨਹੀਂ ਲੱਗਦਾ, ਨਿਰਭੈਅਤਾ ਹੁੰਦੀ ਹੈ।

## ਆਖ਼ਰੀ ਸਮੇਂ ਦੀ ਜਾਗ੍ਰਿਤੀ ਜੀਵਿਤ ਹੋ, ਉਦੋਂ ਤੱਕ

**ਪ੍ਰਸ਼ਨਕਰਤਾ :** ਦਾਦਾਜੀ, ਗਿਆਨ ਲੈਣ ਤੋਂ ਪਹਿਲਾਂ ਦੇ ਇਸ ਭਵ ਦੇ ਜੋ ਪਰਿਆਏ ਬੰਧ ਗਏ ਹੋਣ, ਉਹਨਾਂ ਦਾ ਨਿਰਾਕਰਣ (ਨਤੀਜਾ) ਕਿਸ ਤਰ੍ਹਾਂ ਆਵੇਗਾ?

**ਦਾਦਾਸ਼੍ਰੀ :** ਹਾਲੇ ਅਸੀਂ ਜ਼ਿੰਦਾ ਹਾਂ, ਉਦੋਂ ਤੱਕ ਪਛਚਾਤਾਪ ਕਰਕੇ ਉਹਨਾਂ ਨੂੰ ਧੋ ਦੇਣਾ ਹੈ, ਪਰ ਉਹ ਕੁੱਝ ਹੀ, ਪੂਰਾ ਨਿਰਾਕਰਣ (ਨਤੀਜਾ) ਨਹੀਂ ਹੁੰਦਾ ਹੈ। ਪਰ ਢਿੱਲੇ ਤਾਂ ਹੋ ਹੀ ਜਾਂਦੇ ਹਨ। ਢਿੱਲੇ ਹੋ ਜਾਣ, ਇਸ ਲਈ ਅਗਲੇ ਭਵ ਵਿੱਚ ਹੱਥ ਲਗਾਉਂਦੇ ਹੀ ਤੁਰੰਤ ਗੱਠ ਖੁੱਲ ਜਾਂਦੀ ਹੈ!

**ਪ੍ਰਸ਼ਨਕਰਤਾ :** ਪ੍ਰਾਯਸ਼ਚਿਤ ਨਾਲ ਬੰਧ ਛੁੱਟ ਜਾਂਦੇ ਹਨ?

**ਦਾਦਾਸ਼੍ਰੀ :** ਹਾਂ, ਛੁੱਟ ਜਾਂਦੇ ਹਨ। ਅਮੁਕ ਪ੍ਰਕਾਰ ਦੇ ਹੀ ਬੰਧ ਹਨ, ਉਹ ਕਰਮ ਪ੍ਰਾਯਸ਼ਚਿਤ ਕਰਨ ਨਾਲ ਮਜਬੂਤ ਗੱਠ ਵਿੱਚੋਂ ਢਿੱਲੇ ਹੋ ਜਾਂਦੇ ਹਨ। ਆਪਣੇ ਪ੍ਰਤੀਕ੍ਰਮਣ ਵਿੱਚ ਬਹੁਤ ਸ਼ਕਤੀ ਹੈ। ਦਾਦਾ ਨੂੰ ਹਾਜ਼ਰ ਰੱਖ ਕੇ ਕਰੋ ਤਾਂ ਕੰਮ ਹੋ ਜਾਵੇ।

## ਇਹ ਗਿਆਨ ਮਿਲਣ ਤੋਂ ਬਾਅਦ ਹਿਸਾਬ ਮਹਾਂਵਿਦੇਹ ਦਾ

ਕਰਮ ਦੇ ਧੱਕੇ ਨਾਲ ਅਵਤਾਰ ਹੋਣ ਵਾਲੇ ਹੋਣ ਤਾਂ ਉਹ ਹੋਣਗੇ, ਸ਼ਾਇਦ ਇੱਕ-ਦੋ ਅਵਤਾਰ। ਪਰ ਉਸ ਤੋਂ ਬਾਅਦ ਸੀਮੰਧਰ ਸਵਾਮੀ ਦੇ ਕੋਲ ਹੀ ਜਾਣਾ ਪਵੇਗਾ। ਇਹ ਇੱਥੇ ਦਾ ਧੱਕਾ, ਹਿਸਾਬ ਬੰਨ ਦਿੱਤਾ ਹੈ ਪਹਿਲਾਂ, ਕੁੱਝ ਚਿਕਣਾ ਹੋ ਗਿਆ ਹੈ ਨਾ, ਤਾਂ ਉਹ ਪੂਰਾ ਹੋ ਜਾਵੇਗਾ। ਉਸ ਤੋਂ ਛੁਟਕਾਰਾ ਹੀ ਨਹੀਂ ਹੈ ਨਾ!

**ਪ੍ਰਸ਼ਨਕਰਤਾ :** ਪ੍ਰਤੀਕ੍ਰਮਣ ਕਰਨ ਨਾਲ ਕਰਮ ਦੇ ਧੱਕੇ ਘੱਟ ਹੁੰਦੇ ਹਨ?

**ਦਾਦਾਸ਼੍ਰੀ :** ਘੱਟ ਹੁੰਦੇ ਹਨ ਨਾ! ਤੇ ਜਲਦੀ ਨਿਪਟਾਰਾ ਆ ਜਾਂਦਾ ਹੈ।

## 'ਅਸੀਂ' ਏਦਾਂ ਕੀਤਾ ਨਿਵਾਰਣ ਵਿਸ਼ਵ ਨਾਲ

ਜਿੰਨੀਆਂ ਭੁੱਲਾਂ ਖ਼ਤਮ ਕੀਤੀਆਂ ਪ੍ਰਤੀਕ੍ਰਮਣ ਕਰ-ਕਰਕੇ, ਉਨਾਂ ਮੋਕਸ਼ ਨੇੜੇ ਆਇਆ।

**ਪ੍ਰਸ਼ਨਕਰਤਾ :** ਉਹ ਫਾਈਲਾਂ ਫਿਰ ਚਿਪਕਣਗੀਆਂ ਨਹੀਂ ਨਾ, ਦੂਸਰੇ ਜਨਮ ਵਿੱਚ?

**ਦਾਦਾਸ਼੍ਰੀ :** ਕੀ ਲੈਣਾ? ਸਾਨੂੰ ਦੂਸਰੇ ਜਨਮ ਤੋਂ ਕੀ ਲੈਣਾ ਹੈ? ਇੱਥੇ ਦੇ ਇੱਥੇ ਹੀ ਪ੍ਰਤੀਕ੍ਰਮਣ ਇੰਨੇ ਕਰ ਦਿਓ। ਫੁਰਸਤ ਮਿਲੇ ਕਿ ਉਸਦੇ ਲਈ ਪ੍ਰਤੀਕ੍ਰਮਣ ਕਰਦੇ ਰਹਿਣਾ ਚਾਹੀਦਾ ਹੈ। 'ਚੰਦੂਭਾਈ ਨੂੰ ਤੁਹਾਨੂੰ ਇੰਨਾ ਕਹਿਣਾ ਪਵੇਗਾ ਕਿ ਪ੍ਰਤੀਕ੍ਰਮਣ ਕਰਦੇ ਰਹੋ। ਤੁਹਾਡੇ ਘਰ ਦੇ ਸਾਰੇ ਮੈਂਬਰਾਂ ਦੇ ਨਾਲ, ਤੁਹਾਨੂੰ ਕੁੱਝ ਨਾ ਕੁੱਝ ਪਹਿਲਾਂ ਦੁੱਖ ਹੋਇਆ ਹੁੰਦਾ ਹੈ, ਉਸਦੇ ਤੁਹਾਨੂੰ ਪ੍ਰਤੀਕ੍ਰਮਣ ਕਰਨੇ ਹਨ। "ਸੰਖਿਆਤ ਜਾਂ ਅਸੰਖਿਆਤ ਜਨਮਾਂ ਵਿੱਚ ਜੋ ਰਾਗ-ਦਵੇਸ਼, ਵਿਸ਼ੈ, ਕਸ਼ਾਏ ਦੇ ਦੋਸ਼ ਕੀਤੇ ਹੋਣ, ਉਹਨਾਂ ਦੀ ਮਾਫ਼ੀ ਮੰਗਦਾ ਹਾਂ।" ਇਸ ਤਰ੍ਹਾਂ ਰੋਜ਼ ਇੱਕ-ਇੱਕ ਵਿਅਕਤੀ ਦਾ, ਘਰ ਦੇ ਹਰ ਇੱਕ ਵਿਅਕਤੀ ਨੂੰ ਯਾਦ ਕਰ-ਕਰਕੇ ਕਰਨੇ ਚਾਹੀਦੇ ਹਨ। ਬਾਅਦ ਵਿੱਚ ਆਸ-ਪਾਸ ਦੇ, ਆਂਢੀ-ਗੁਆਂਢੀਆਂ ਦੇ ਸਭ ਨੂੰ ਲੈ ਕੇ ਉਪਯੋਗ ਰੱਖ ਕੇ ਇਹ ਕਰਦੇ ਰਹਿਣਾ ਚਾਹੀਦਾ ਹੈ। ਤੁਸੀਂ ਕਰੋਗੇ ਉਸ ਤੋਂ ਬਾਅਦ ਇਹ ਬੋਝ ਹਲਕਾ ਹੋ ਜਾਵੇਗਾ। ਨਹੀਂ ਤਾਂ ਐਵੇਂ ਹੀ ਇਹ ਹਲਕਾ ਨਹੀਂ ਹੁੰਦਾ।

ਅਸੀਂ ਸਾਰੇ ਵਿਸ਼ਵ ਦੇ ਨਾਲ ਇਸ ਤਰ੍ਹਾਂ ਨਿਵਾਰਣ ਕੀਤਾ ਹੈ। ਪਹਿਲਾਂ ਇਸ ਤਰ੍ਹਾਂ ਨਿਵਾਰਣ ਕੀਤਾ ਸੀ, ਤਾਂ ਹੀ ਤਾਂ ਇਹ ਛੁੱਟਕਾਰਾ ਹੋਇਆ ਹੈ। ਜਦੋਂ ਤੱਕ ਸਾਡਾ ਦੋਸ਼ ਤੁਹਾਡੇ ਮਨ ਵਿੱਚ ਹੈ, ਉਦੋਂ ਤੱਕ ਮੈਨੂੰ ਚੈਨ ਨਹੀਂ ਲੈਣ ਦੇਵੇਗਾ! ਇਸ ਲਈ, ਅਸੀਂ ਜਦੋਂ ਏਦਾਂ ਪ੍ਰਤੀਕ੍ਰਮਣ ਕਰਦੇ ਹਾਂ, ਤਾਂ ਉੱਥੇ ਮਿਟ ਜਾਂਦਾ ਹੈ।

## ਮ੍ਰਿਤਕਾਂ ਦੇ ਪ੍ਰਤੀਕ੍ਰਮਣ?

**ਪ੍ਰਸ਼ਨਕਰਤਾ :** ਜਿਸਦੀ ਮਾਫ਼ੀ ਮੰਗਣੀ ਹੈ, ਉਸ ਵਿਅਕਤੀ ਦਾ ਦੇਹ ਵਿਲਯ ਹੋ ਗਿਆ ਹੋਵੇ, ਤਾਂ ਪ੍ਰਤੀਕ੍ਰਮਣ ਕਿਵੇਂ ਕਰੀਏ?

**ਦਾਦਾਸ਼੍ਰੀ :** ਦੇਹ ਵਿਲਯ ਹੋ ਗਿਆ ਹੋਵੇ, ਤਾਂ ਵੀ ਉਸਦੀ ਫੋਟੋ ਹੋਵੇ, ਉਸਦਾ ਚਿਹਰਾ ਯਾਦ ਹੋਵੇ, ਤਾਂ ਕਰ ਸਕਦੇ ਹਾਂ। ਚਿਹਰਾ ਜ਼ਰਾ ਵੀ ਯਾਦ ਨਾ ਹੋਵੇ ਅਤੇ ਨਾਮ ਪਤਾ ਹੋਵੇ ਤਾਂ ਨਾਮ ਲੈ ਕੇ ਵੀ ਕਰ ਸਕਦੇ ਹਾਂ, ਤਾਂ ਉਸਨੂੰ ਸਭ ਪਹੁੰਚ ਜਾਵੇਗਾ।

**ਪ੍ਰਸ਼ਨਕਰਤਾ :** ਯਾਨੀ ਮ੍ਰਿਤਕ ਵਿਅਕਤੀ ਦੇ ਪ੍ਰਤੀਕ੍ਰਮਣ ਕਿਸ ਤਰ੍ਹਾਂ ਕਰੀਏ?

**ਦਾਦਾਸ਼੍ਰੀ :** ਮਨ-ਬਚਨ-ਕਾਇਆ, ਭਾਵ ਕਰਮ, ਦ੍ਰਵਯ ਕਰਮ, ਨੋ ਕਰਮ, ਮ੍ਰਿਤਕ ਦਾ ਨਾਮ ਅਤੇ ਉਸਦੇ ਨਾਮ ਦੀ ਸਰਵ ਮਾਇਆ ਤੋਂ ਭਿੰਨ ਐਸੇ, ਉਸਦੇ ਸ਼ੁੱਧਾਤਮਾ ਨੂੰ ਯਾਦ ਕਰਨਾ, ਅਤੇ ਬਾਅਦ ਵਿੱਚ 'ਇਹੋ ਜਿਹੀਆਂ ਗਲਤੀਆਂ ਕੀਤੀਆਂ ਸਨ' ਉਹਨਾਂ ਨੂੰ ਯਾਦ ਕਰਨਾ (ਆਲੋਚਨਾ) ਉਹਨਾਂ ਗਲਤੀਆਂ ਦੇ ਲਈ ਮੈਨੂੰ ਪਛਚਾਤਾਪ ਹੁੰਦਾ ਹੈ ਅਤੇ ਉਹਨਾਂ ਦੇ ਲਈ ਮੈਨੂੰ ਮਾਫ਼ ਕਰੋ (ਪ੍ਰਤੀਕ੍ਰਮਣ)। ਇਹੋ ਜਿਹੀਆਂ ਗਲਤੀਆਂ ਹੁਣ ਨਹੀਂ ਹੋਣਗੀਆਂ ਇਹ ਦ੍ਰਿੜ ਨਿਸ਼ਚੈ ਕਰਦਾ ਹਾਂ। ਏਦਾਂ ਤੈਅ ਕਰਨਾ ਹੈ (ਪ੍ਰਤਿਆਖਿਆਨ)। 'ਅਸੀਂ' ਖੁਦ ਚੰਦੂਭਾਈ ਦੇ ਗਿਆਤਾ-ਦ੍ਰਸ਼ਟਾ ਰਹੀਏ ਅਤੇ ਜਾਣੀਏ ਕਿ ਚੰਦੂਭਾਈ ਨੇ ਕਿੰਨੇ ਪ੍ਰਤੀਕ੍ਰਮਣ ਕੀਤੇ, ਕਿੰਨੇ ਸੋਹਣੇ ਕੀਤੇ ਅਤੇ ਕਿੰਨੀ ਵਾਰ ਕੀਤੇ।

-ਜੈ ਸੱਚਿਦਾਨੰਦ

# ਆਖਰੀ ਸਮੇਂ ਦੀ ਪ੍ਰਾਰਥਨਾ

ਜਿਸਦਾ ਆਖਰੀ ਸਮਾਂ ਆ ਗਿਆ ਹੋਵੇ, ਉਸਨੂੰ ਇਸ ਤਰ੍ਹਾਂ ਪ੍ਰਾਰਥਨਾ ਕਰਨੀ ਚਾਹੀਦੀ ਹੈ।

'ਹੇ ਦਾਦਾ ਭਗਵਾਨ, ਹੇ ਸ਼੍ਰੀ ਸੀਮੰਧਰ ਸਵਾਮੀ ਪ੍ਰਭੂ, ਮੈਂ ਮਨ-ਬਚਨ-ਕਾਇਆ ...* (ਜਿਸਦਾ ਆਖਰੀ ਸਮਾਂ ਆ ਗਿਆ ਹੋਵੇ ਉਹ ਵਿਅਕਤੀ, ਖੁਦ ਦਾ ਨਾਮ ਲਵੇ)... ਅਤੇ ..*.. ਦੇ ਨਾਮ ਦੀ ਸਰਵ ਮਾਇਆ, ਭਾਵਕਰਮ, ਦ੍ਰਵਯ ਕਰਮ, ਨੋ ਕਰਮ ਆਪ ਪ੍ਰਗਟ ਪ੍ਰਮਾਤਮਾ ਸਵਰੂਪ ਪ੍ਰਭੂ ਦੇ ਸੁਚਰਣਾ ਵਿੱਚ ਸਮਰਪਿਤ ਕਰਦਾ ਹਾਂ।

ਹੇ ਦਾਦਾ ਭਗਵਾਨ, ਹੇ ਸ਼੍ਰੀ ਸੀਮੰਧਰ ਸਵਾਮੀ ਪ੍ਰਭੂ, ਮੈਂ ਤੁਹਾਡੀ ਅਨੰਨਯ ਸ਼ਰਣ ਲੈਂਦਾ ਹਾਂ। ਮੈਨੂੰ ਤੁਹਾਡੀ ਅਨੰਨਯ ਸ਼ਰਣ ਮਿਲੇ। ਆਖਰੀ ਘੜੀ ਵਿੱਚ ਹਾਜ਼ਰ ਰਹਿਣਾ। ਮੇਰੀ ਉਂਗਲੀ ਫੜ ਕੇ ਮੋਕਸ਼ ਵਿੱਚ ਲੈ ਜਾਣਾ। ਅੰਤ ਤੱਕ ਨਾਲ ਰਹਿਣਾ।

ਹੇ ਪ੍ਰਭੂ, ਮੈਨੂੰ ਮੋਕਸ਼ ਤੋਂ ਸਿਵਾ ਇਸ ਜਗਤ ਦੀ ਦੂਸਰੀ ਕੋਈ ਵੀ ਵਿਨਾਸ਼ੀ ਚੀਜ਼ ਨਹੀਂ ਚਾਹੀਦੀ। ਮੇਰਾ ਅਗਲਾ ਜਨਮ ਤੁਹਾਡੇ ਚਰਣਾ ਵਿੱਚ ਅਤੇ ਸ਼ਰਣ ਵਿੱਚ ਹੀ ਹੋਵੇ।'

'ਦਾਦਾ ਭਗਵਾਨ ਨਾ ਅਸੀਮ ਜੈ ਜੈਕਾਰ ਹੋ' ਬੋਲਦੇ ਰਹਿਣਾ।

(ਇਸ ਤਰ੍ਹਾਂ ਉਹ ਵਿਅਕਤੀ ਬਾਰ-ਬਾਰ ਬੋਲੇ ਜਾਂ ਕੋਈ ਉਸਦੇ ਕੋਲੋਂ ਬਾਰ-ਬਾਰ ਬੁਲਵਾਏ।)

# ਮ੍ਰਿਤ ਵਿਅਕਤੀ ਦੇ ਪ੍ਰਤੀ ਪ੍ਰਾਰਥਨਾ

ਤੁਹਾਡੇ ਕਿਸੇ ਸਵਜਨ ਜਾਂ ਮਿੱਤਰ ਦੇ ਲਈ ਇਸ ਤਰ੍ਹਾਂ ਪ੍ਰਾਰਥਨਾ ਕਰਨੀ ਚਾਹੀਦੀ ਹੈ।

'ਪ੍ਰਤੱਖ ਦਾਦਾ ਭਗਵਾਨ ਦੀ ਸਾਕਸ਼ੀ ਵਿੱਚ, ਪ੍ਰਤੱਖ ਸੀਮੰਧਰ ਸਵਾਮੀ ਦੀ ਸਾਕਸ਼ੀ ਵਿੱਚ, ਦੇਹਧਾਰੀ ...* (ਮ੍ਰਿਤ ਵਿਅਕਤੀ ਦਾ ਨਾਮ ਲਓ) ... ਦੇ ਮਨ-ਬਚਨ-ਕਾਇਆ ਦੇ ਯੋਗ, ਭਾਵਕਰਮ, ਦ੍ਰਵਯਕਰਮ, ਨੋ ਕਰਮ ਤੋਂ ਭਿੰਨ ਐਸੇ ਹੇ ਸ਼ੁੱਧਾਤਮਾ ਭਗਵਾਨ, ਤੁਸੀਂ ਇਹੋ ਜਿਹੀ ਕਿਰਪਾ ਕਰੋ ਕਿ ...*... ਜਿੱਥੇ ਹੋਵੇ ਉੱਥੇ ਸੁਖ-ਸ਼ਾਂਤੀ ਪਾਵੇ, ਮੋਕਸ਼ ਪਾਵੇ।

ਅੱਜ ਦਿਨ ਦੇ ਅਦਯਸ਼ਣ ਪਰਿਅੰਤ ਮੇਰੇ ਤੋਂ ...*... ਦੇ ਪ੍ਰਤੀ ਜੋ ਵੀ ਰਾਗ-ਦਵੇਸ਼, ਕਸ਼ਾਏ ਹੋਏ ਹੋਣ, ਉਹਨਾਂ ਦੀ ਮਾਫ਼ੀ ਚਾਹੁੰਦਾ ਹਾਂ। ਹਿਰਦੇ ਪੂਰਵਕ ਪਛਤਾਵਾ ਕਰਦਾ ਹਾਂ। ਮੈਨੂੰ ਮਾਫ਼ ਕਰੋ ਅਤੇ ਫਿਰ ਤੋਂ ਇਹੋ ਜਿਹੇ ਦੋਸ਼ ਕਦੇ ਵੀ ਨਾ ਹੋਣ, ਇਹ ਸ਼ਕਤੀ ਦਿਓ।'

(ਇਸ ਤਰ੍ਹਾਂ ਬਾਰ-ਬਾਰ ਪ੍ਰਾਰਥਨਾ ਕਰਨੀ ਚਾਹੀਦੀ ਹੈ। ਬਾਅਦ ਵਿੱਚ ਜਿੰਨੀ ਬਾਰ ਮ੍ਰਿਤ ਵਿਅਕਤੀ ਯਾਦ ਆਵੇ, ਉਦੋਂ-ਉਦੋਂ ਇਹ ਪ੍ਰਾਰਥਨਾ ਕਰਨੀ ਚਾਹੀਦੀ ਹੈ।)

## ਸ਼ੁੱਧਾਤਮਾ ਦੇ ਪ੍ਰਤੀ ਪ੍ਰਾਰਥਨਾ

(ਹਰ ਰੋਜ਼ ਇੱਕ ਬਾਰ ਬੋਲਣਾਂ)

ਹੇ ਅੰਤਰਯਾਮੀ ਪ੍ਰਮਾਤਮਾ! ਤੁਸੀਂ ਹਰ ਜੀਵਮਾਤਰ ਵਿੱਚ ਵਿਰਾਜਮਾਨ ਹੋ, ਉਸੇ ਤਰ੍ਹਾਂ ਮੇਰੇ ਵਿੱਚ ਵੀ ਵਿਰਾਜਮਾਨ ਹੋ। ਤੁਹਾਡਾ ਸਵਰੂਪ ਹੀ ਮੇਰਾ ਸਵਰੂਪ ਹੈ। ਮੇਰਾ ਸਵਰੂਪ ਸ਼ੁੱਧਾਤਮਾ ਹੈ।

ਹੇ ਸ਼ੁੱਧਾਤਮਾ ਭਗਵਾਨ! ਮੈਂ ਤੁਹਾਨੂੰ ਅਭੇਦਭਾਵ ਨਾਲ ਅਤਿਅੰਤ ਭਗਤੀ ਪੂਰਵਕ ਨਮਸਕਾਰ ਕਰਦਾ ਹਾਂ।

ਅਗਿਆਨਤਾ ਵਸ਼ ਮੈਂ ਜੋ ਜੋ ** ਦੋਸ਼ ਕੀਤੇ ਹਨ, ਉਹਨਾਂ ਸਾਰੇ ਦੋਸ਼ਾਂ ਨੂੰ ਤੁਹਾਡੇ ਸਾਹਮਣੇ ਜ਼ਾਹਿਰ ਕਰਦਾ ਹਾਂ। ਉਹਨਾਂ ਦਾ ਹਿਰਦੇ ਪੂਰਵਕ (ਦਿਲ ਤੋਂ) ਬਹੁਤ ਪਛਤਾਵਾ ਕਰਦਾ ਹਾਂ ਅਤੇ ਤੁਹਾਡੇ ਤੋਂ ਮਾਫ਼ੀ ਮੰਗਦਾ ਹਾਂ। ਹੇ ਪ੍ਰਭੂ! ਮੈਨੂੰ ਮਾਫ਼ ਕਰੋ, ਮਾਫ਼ ਕਰੋ, ਮਾਫ਼ ਕਰੋ ਅਤੇ ਫਿਰ ਤੋਂ ਇਹੋ ਜਿਹੇ ਦੋਸ਼ ਨਾ ਕਰਾਂ, ਇਹੋ ਜਿਹੀ ਤੁਸੀਂ ਮੈਨੂੰ ਸ਼ਕਤੀ ਦੇਵੋ, ਸ਼ਕਤੀ ਦੇਵੋ, ਸ਼ਕਤੀ ਦੇਵੋ।

ਹੇ ਸ਼ੁੱਧਾਤਮਾ ਭਗਵਾਨ! ਤੁਸੀਂ ਇਹੋ ਜਿਹੀ ਕ੍ਰਿਪਾ ਕਰੋ ਕਿ ਸਾਡੇ ਭੇਦਭਾਵ ਛੁੱਟ ਜਾਣ ਅਤੇ ਅਭੇਦ ਸਵਰੂਪ ਪ੍ਰਾਪਤ ਹੋਵੇ। ਅਸੀਂ ਤੁਹਾਡੇ ਵਿੱਚ ਅਭੇਦ ਸਵਰੂਪ ਨਾਲ ਤੰਨਮੈਕਾਰ (ਲੀਨ) ਰਹੀਏ। ** ਜੋ ਜੋ ਦੋਸ਼ ਹੋਏ ਹੋਣ, ਉਹਨਾਂ ਨੂੰ ਮਨ ਵਿੱਚ ਜ਼ਾਹਿਰ ਕਰੋ।

## ਪ੍ਰਤੀਕ੍ਰਮਣ ਵਿਧੀ

ਪ੍ਰਤੱਖ ਦਾਦਾ ਭਗਵਾਨ ਦੀ ਸਾਕਸ਼ੀ ਵਿੱਚ, ਦੇਹਧਾਰੀ (ਜਿਸਦੇ ਪ੍ਰਤੀ ਦੋਸ਼ ਹੋਇਆ ਹੋਵੇ, ਉਸ ਵਿਅਕਤੀ ਦਾ ਨਾਮ) ਦੇ ਮਨ-ਵਚਨ-ਕਾਇਆ ਦੇ ਯੋਗ, ਭਾਵਕਰਮ-ਦ੍ਰਵਯਕਰਮ-ਨੋਕਰਮ ਤੋਂ ਭਿੰਨ ਐਸੇ ਹੇ ਸ਼ੁੱਧਾਤਮਾ ਭਗਵਾਨ! ਤੁਹਾਡੀ ਸਾਕਸ਼ੀ ਵਿੱਚ, ਅੱਜ ਦਿਨ ਭਰ ਵਿੱਚ ਮੇਰੇ ਤੋਂ ਜੋ ਜੋ * * ਦੋਸ਼ ਹੋਏ ਹਨ, ਉਸਦੇ ਲਈ ਮਾਫ਼ੀ ਮੰਗਦਾ ਹਾਂ। ਹਿਰਦੇ ਤੋਂ ਬਹੁਤ ਪਛਚਾਤਾਪ ਕਰਦਾ ਹਾਂ। ਮੈਨੂੰ ਮਾਫ਼ ਕਰੋ। ਅਤੇ ਫਿਰ ਤੋਂ ਇਹੋ ਜਿਹੇ ਦੋਸ਼ ਕਦੇ ਵੀ ਨਹੀਂ ਕਰਾਂਗਾ, ਇਹ ਦ੍ਰਿੜ ਨਿਸ਼ਚੇ ਕਰਦਾ ਹਾਂ। ਉਸਦੇ ਲਈ ਮੈਨੂੰ ਪਰਮ ਸ਼ਕਤੀ ਦਿਓ।

*** ਕ੍ਰੋਧ-ਮਾਨ-ਮਾਇਆ-ਲੋਭ, ਵਿਸ਼ੈ-ਵਿਕਾਰ, ਕਸ਼ਾਏ ਆਦਿ ਨਾਲ ਕਿਸੇ ਨੂੰ ਵੀ ਦੁੱਖ ਪਹੁੰਚਾਇਆ ਹੋਵੇ, ਉਹਨਾਂ ਦੋਸ਼ਾਂ ਨੂੰ ਮਨ ਵਿੱਚ ਯਾਦ ਕਰਨਾ।

# ਦਾਦਾ ਭਗਵਾਨ ਫ਼ਾਂਉਡੇਸ਼ਨ ਦੁਆਰਾ ਪ੍ਰਕਾਸ਼ਿਤ ਗ੍ਰੰਥ

## ਹਿੰਦੀ

1. ਗਿਆਨੀ ਪੁਰਖ ਦੀ ਪਹਿਚਾਣ
2. ਸਰਵ ਦੁੱਖਾਂ ਤੋਂ ਮੁਕਤੀ
3. ਕਰਮ ਦਾ ਵਿਗਿਆਨ
4. ਆਤਮ ਬੋਧ
5. ਮੈਂ ਕੌਣ ਹਾਂ?
6. ਵਰਤਮਾਨ ਤੀਰਥੰਕਰ ਸ਼੍ਰੀ ਸੀਮੰਧਰ ਸਵਾਮੀ
7. ਭੁਗਤੇ ਉਸੇ ਦੀ ਭੁੱਲ
8. ਐਡਜਸਟ ਐਵਰੀਵੇਅਰ
9. ਟਕਰਾਵ ਟਾਲ਼ੋ
10. ਹੋਇਆ ਸੋ ਨਿਆ
11. ਚਿੰਤਾ
12. ਕਰੋਧ
13. ਪ੍ਰਤੀਕ੍ਰਮਣ
14. ਦਾਦਾ ਭਗਵਾਨ ਕੌਣ?
15. ਪੈਸਿਆ ਦਾ ਵਿਹਾਰ
16. ਅੰਤ:ਕਰਣ ਦਾ ਸਵਰੂਪ
17. ਜਗਤ ਕਰਤਾ ਕੌਣ?
18. ਤ੍ਰਿਮੰਤਰ
19. ਭਾਵਨਾ ਨਾਲ ਸੁਧਰੇ ਜਨਮੋਂ-ਜਨਮ
20. ਮਾਤਾ ਪਿਤਾ ਅਤੇ ਬੱਚਿਆਂ ਦਾ ਵਿਹਾਰ
21. ਸਮਝ ਨਾਲ ਪ੍ਰਾਪਤ ਬ੍ਰਹਮਚਰਿਆ
22. ਦਾਨ
23. ਮਾਨਵ ਧਰਮ
24. ਸੇਵਾ-ਪਰਉਪਕਾਰ
25. ਮੌਤ ਸਮੇ, ਪਹਿਲਾਂ ਅਤੇ ਬਾਅਦ
26. ਪ੍ਰੇਮ
27. ਨਿਜਦੋਸ਼ ਦਰਸ਼ਨ ਨਾਲ਼... ਨਿਰਦੋਸ਼
28. ਪਤੀ-ਪਤਨੀ ਦਾ ਅਲੌਕਿਕ ਵਿਹਾਰ
29. ਕਲ਼ੇਸ਼ ਰਹਿਤ ਜੀਵਨ
30. ਗੁਰੂ-ਸ਼ਿਸ਼ਯ
31. ਅਹਿੰਸਾ
32. ਸੱਚ-ਝੂਠ ਦੇ ਰਹੱਸ
33. ਚਮਤਕਾਰ
34. ਪਾਪ-ਪੁੰਨ
35. ਵਾਣੀ, ਵਿਹਾਰ ਵਿੱਚ...
36. ਕਰਮ ਦਾ ਵਿਗਿਆਨ
37. ਆਪਤਬਾਣੀ-1, 2, 3, 4, 5, 6, 7, 8, 9
38. ਆਪਤਬਾਣੀ-13, 14 (ਭਾਗ-1)

## ਪੰਜਾਬੀ

1. ਐਡਜਸਟ ਐਵਰੀਵੇਅਰ
2. ਹੋਇਆ ਸੋ ਨਿਆਂ
3. ਚਿੰਤਾ
4. ਭੁਗਤੇ ਉਸੇ ਦੀ ਭੁੱਲ
5. ਅੰਤ:ਕਰਣ ਦਾ ਸਵਰੂਪ
6. ਕਰਮ ਦਾ ਸਿਧਾਂਤ
7. ਪ੍ਰਤੀਕ੍ਰਮਣ
8. ਸੇਵਾ-ਪਰ-ਉਪਕਾਰ

* ਦਾਦਾ ਭਗਵਾਨ ਫ਼ਾਉਂਡੇਸ਼ਨ ਦੁਆਰਾ ਗੁਜਰਾਤੀ ਭਾਸ਼ਾ ਵਿੱਚ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆ ਹਨ। ਵੈਬਸਾਈਟ www.dadabhagwan.org ਤੋ ਵੀ ਤੁਸੀਂ ਇਹ ਸਭ ਪੁਸਤਕਾਂ ਪ੍ਰਾਪਤ ਕਰ ਸਕਦੇ ਹੋ।

* ਦਾਦਾ ਭਗਵਾਨ ਫ਼ਾਉਂਡੇਸ਼ਨ ਦੁਆਰਾ ਹਰ ਮਹੀਨੇ ਹਿੰਦੀ, ਗੁਜਰਾਤੀ ਅਤੇ ਅੰਗਰੇਜੀ ਭਾਸ਼ਾ ਵਿੱਚ ਦਾਦਾਬਾਣੀ ਮੈਗਜ਼ੀਨ ਪ੍ਰਕਾਸ਼ਿਤ ਹੁੰਦੀ ਹੈ।

# ਪ੍ਰਾਪਤੀ ਸਥਾਨ

## ਦਾਦਾ ਭਗਵਾਨ ਪਰਿਵਾਰ

| | | |
|---|---|---|
| ਅਡਾਲਜ | : | ਤ੍ਰਿਮੰਦਰ ਸੰਕੁਲ, ਸੀਮੰਧਰ ਸਿਟੀ, ਅਹਿਮਦਾਬਾਦ-ਕਲੋਲ ਹਾਈਵੇ, ਪੋਸਟ: ਅਡਾਲਜ, ਜਿਲ੍ਹਾ ਗਾਂਧੀਨਗਰ, ਗੁਜਰਾਤ - 382421<br>ਫੋਨ: (079) 39830100, E-mail: info@dadabhagwan.org |
| ਅਹਿਮਦਾਬਾਦ | : | ਦਾਦਾ ਦਰਸ਼ਨ, 5 ਮਮਤਾ ਪਾਰਕ ਸੁਸਾਇਟੀ, ਨਵਗੁਜਰਾਤ ਕਾਲੇਜ਼ ਦੇ ਪਿੱਛੇ ਉਸਮਾਨਪੁਰਾ, ਅਹਿਮਦਾਬਾਦ - 380014. ਫੋਨ : (079) 27540408 |
| ਰਾਜਕੋਟ | | ਤ੍ਰਿਮੰਦਰ, ਅਹਿਮਦਾਬਾਦ-ਰਾਜਕੋਟ ਹਾਈਵੇ, ਤਰਘੜੀਆ ਚੌਂਕੜੀ (ਸਰਕਲ), ਪੋਸਟ : ਮਲਿਆਸਣ, ਜਿਲ੍ਹਾ ਰਾਜਕੋਟ। ਫੋਨ: 9274111393 |
| ਭੁੱਜ | : | ਤ੍ਰਿਮੰਦਰ, ਹਿੱਲ ਗਾਰਡਨ ਦੇ ਪਿੱਛੇ, ਏਅਰਪੋਰਟ ਰੋਡ।<br>ਫੋਨ: (02832) 290123 |
| ਗੋਧਰਾ | : | ਤ੍ਰਿਮੰਦਰ, ਭਾਮੀਆਂ ਪਿੰਡ, ਐਫ.ਸੀ.ਆਈ ਗੋਦਾਮ ਦੇ ਸਾਹਮਣੇ, ਗੋਧਰਾ, ਜਿਲ੍ਹਾ ਪੰਚਮਹਿਲ। ਫੋਨ: (02672) 262300 |
| ਬੜੋਦਰਾ | : | ਦਾਦਾ ਮੰਦਰ, 18, ਮਾਮਾ ਦੀ ਪੋਲ ਮੁਹੱਲਾ, ਰਾਵਪੁਰਾ ਪੁਲੀਸ ਸਟੇਸ਼ਨ ਦੇ ਸਾਹਮਣੇ, ਸਲਾਟਵਾੜਾ, ਬੜੋਦਰਾ। ਫੋਨ: (0265) 2414142 |

| | | | |
|---|---|---|---|
| ਮੁੰਬਈ | 9323528901 | ਦਿੱਲੀ | 9310022350 |
| ਕਲਕੱਤਾ | 033-32933885 | ਚੇਨੱਈ | 9380159957 |
| ਜੈਪੁਰ | 9351408285 | ਭੋਪਾਲ | 9425024405 |
| ਇੰਦੌਰ | 9893545351 | ਜਬਲਪੁਰ | 9425160428 |
| ਰਾਏਪੁਰ | 9425245616 | ਭਿਲਾਈ | 9827481336 |
| ਪਟਨਾ | 9431015601 | ਅਮਰਾਵਤੀ | 9823127601 |
| ਬੈਂਗਲੂਰ | 9590979099 | ਹੈਦਰਾਬਾਦ | 9989877786 |
| ਪੂਨਾ | 9860797920 | ਜਲੰਧਰ | 9814063043 |

| | | | | | |
|---|---|---|---|---|---|
| U.S.A. | : | Dada Bhagwan Vignan Institute:<br>100, SW Redbud Lane, Topeka, Kansas 66606<br>Tel.: +1877-505 (DADA)3232,<br>Email: info@us.dadabhagwan.org | | | |
| U.K. | : | +44 (0) 330 111 DADA 3232 | UAE | : | +971 557316937 |
| Kenya | : | +254 722 722 063 | Singapore | : | +65 81129229 |
| Australia | : | +61 421127947 | NZ | : | +64 21 0376434 |

**Website : www.dadabhagwan.org**



ਅੰਤਿਮ ਦਿਨਾਂ ਵਿੱਚ ਆਕਸੀਜਨ ਤੇ....
ਫਿਰ ਵੀ ਖੁਦਮੁਖਤਿਆਰ ਹਾਸਾ

## ਪਹੁੰਚਦੇ ਹਨ ਸਿਰਫ਼ ਭਾਵ ਦੇ ਸਪੰਦਨ

ਬੱਚੇ ਜਾਂ ਕਿਸੇ ਵੀ ਸਵਜਨ ਦੇ ਦੇਹਾਂਤ ਤੋਂ ਬਾਅਦ ਚਿੰਤਾ ਕਰਨ ਨਾਲ ਉਹਨਾਂ ਨੂੰ ਦੁੱਖ ਹੁੰਦਾ ਹੈ। ਲੋਕ ਅਗਿਆਨਤਾ ਦੇ ਕਾਰਨ ਇਹੋ ਜਿਹਾ ਸਭ ਕਰਦੇ ਹਨ। ਸੋ: ਤੁਹਾਨੂੰ, ਇਹ ਜਿਵੇਂ ਹੈ ਉਵੇਂ ਸਮਝ ਕੇ ਸ਼ਾਂਤੀਪੂਰਵਕ ਰਹਿਣਾ ਚਾਹੀਦਾ ਹੈ, ਬੇਕਾਰ ਹੀ ਪਰੇਸ਼ਾਨ ਹੋਣ ਦਾ ਕੀ ਅਰਥ ਹੈ? ਇਹ ਤਾਂ ਸੰਸਾਰਿਕ ਰਿਣਾਨੁਬੰਧ ਹਨ, ਲੈਣ-ਦੇਣ ਦੇ ਹਿਸਾਬ ਹਨ। ਮੌਤ ਕੀ ਹੈ? ਖਾਤੇ ਦੇ ਹਿਸਾਬ ਖ਼ਤਮ ਹੋਏ! ਜੇ ਉਹ ਸਾਨੂੰ ਬਹੁਤ ਯਾਦ ਆਉਣ ਤਾਂ ਕੀ ਕਰਨਾ ਚਾਹੀਦਾ ਹੈ? ਵੀਤਰਾਗ ਭਗਵਾਨ ਨੂੰ ਕਹਿਣਾ ਚਾਹੀਦਾ ਹੈ ਕਿ ਇਹਨਾਂ ਨੂੰ ਸ਼ਾਂਤੀ ਦਿਓ। ਅਸੀਂ ਭਾਵਨਾ ਕਰਾਂਗੇ ਤਾਂ ਉਹਨਾ ਤੱਕ ਪਹੁੰਚ ਜਾਵੇਗੀ।

ਦਾਦਾਸ਼੍ਰੀ

dadabhagwan.org

Printed in India

Price ₹ 25